# ਅੰਮ੍ਰਿਤ ਕੀਰਤਨ

ਮਾਰਚ 2005

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

Sri Satguru Jagjit Singh Ji Elibrary NamdhariElibrary@gmail.com




As a mark of respect to our **senior citizens**, we are offering extra interest rates ranging from 0.25% to 0.50% to all those who are 60 years of age and above.

**Features of P&S Bank Special Deposit Scheme for Senior Citizens:**

- Monthly interest can be withdrawn for deposits of one year and above.
- Free issuance of 3 drafts/collection of outstation cheques per month upto specified limit.
- Free Accident Insurance for minimum balance of Rs. 50,000 kept for 3 years and above.
- No service charges for not maintaining minimum SB A/C balance.

*For further details please contact our nearest branch*

**PUNJAB & SIND BANK**

(A Govt. of India Undertaking)

Visit us at : www.psbindia.com

*P & S Bank - Where service is a way of life*


Sri Satguru Jagjit Singh Ji Elibrary NamdhariElibrary@gmail.com

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 3 ◆ ਸਾਲ ਸਤਾਰਵਾਂ ◆ ਮਾਰਚ 2005

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

ਰਚਨਾਵਾਂ ਭੇਜਣ ਲਈ ਪਤਾ
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail : drjagirsingh@rediffmail.com
Website : www.amritkirtan.org

ਕਰਉ ਬੇਨੰਤੀਆ — 3
*ਸੰਪਾਦਕੀ*

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮ ਸਮਾਲੇ — 4
*ਰਮੇਸ਼ ਸਿੰਘ*

ਮੁਦਾਵਣੀ ਅਥਵਾ ਮੁੰਦਾਵਣੀ — 7
*ਪ੍ਰੋ. ਨਰਿੰਦਰ ਸਿੰਘ*

ਪੱਤੀਆਂ ਤੋਂ ਲਾਲੀ ਤੱਕ — 9
*ਬਾਵਾ ਬਲਵੰਤ*

ਗੁਰਮਤਿ ਸੰਗੀਤ ਲਹਿਰ ਦਾ ਝੰਡਾ ਬਰਦਾਰ — 12
*ਕਰਮਜੀਤ ਸਿੰਘ*

ਪਦਮ ਸ੍ਰੀ ਸ. ਸੁਰਿੰਦਰ ਸਿੰਘ 'ਸਿੰਘ ਬੰਧੂ' — 14
*ਡਾ. ਗੁਰਨਾਮ ਸਿੰਘ*

ਮਹਾਨ ਕੀਰਤਨੀਏ - ਉਸਤਾਦ ਬਾਬਾ ਮੁਖਤਿਆਰ ਸਿੰਘ... — 16
*ਭਾਈ ਅਵਤਾਰ ਸਿੰਘ*

ਸੁਣੀ ਦੇ ਲਾਲੇ, ਸੁਣੇ ਦੇ ਭਾਗੀ — 18
*ਮਨਮੋਹਨ ਸਿੰਘ ਦਾਊਂ*

Marriage Extravaganza! — 19
*Col. A.S. Rattan*

ਸੁਰ ਲਿਪੀ — 21
*ਪ੍ਰਿੰ. ਦਿਆਲ ਸਿੰਘ*

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ — 22
*ਮਨਮੋਹਨ ਸਿੰਘ*

'ਅੰਮ੍ਰਿਤ ਕੀਰਤਨ' ਸਵੱਰ ਲਿਪੀ ਵੇਰਵਾ — 23
*ਹਰਿਭਜਨ ਸਿੰਘ*

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Phone: 0172 - 5091443



Sri Satguru Jagjit Singh Ji Elibrary NamdhariElibrary@gmail.com

## ਕੀਰਤਨ ਸਮਾਚਾਰ

ਗੁਰਦੁਆਰਾ ਹਰਿ ਪ੍ਰਭ ਸਿਮਰਨ ਸਭਾ ਗੁਰੂ ਗੋਬਿੰਦ ਸਿੰਘ ਨਗਰ ਮਲੋਟ, ਗੁਰਦੁਆਰਾ ਭੋਰਾ ਸਾਹਿਬ ਬੁਰਜ ਸਿੱਧਵਾਂ, ਗੁਰਦੁਆਰਾ ਸੰਤ ਬਾਬਾ ਤਾਰਾ ਸਿੰਘ ਜੀ ਖੁਸ਼ਦਿਲ ਅਰਨੀਵਾਲਾ (ਜੰਡ ਵਾਲਾ ਭੀਮੇ ਸ਼ਾਹ) ਤੇ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਮੁਹੱਲਾ ਕਰਨੈਲ ਸਿੰਘ ਜੀ ਮਲੋਟ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿਚ ਪ੍ਰੋ. ਮੰਗਤ ਸਿੰਘ ਮਸਤਾਨਾ ਉਸਤਾਦ ਰਾਗੀ, ਭਾਈ ਗੁਰਤੇਜ ਸਿੰਘ, ਭਾਈ ਸੰਤਾ ਸਿੰਘ, ਸੰਤ ਬਾਬਾ ਨਾਹਰ ਸਿਘ ਜੀ ਸਨ੍ਹੇਰਾਂ ਵਾਲੇ, ਗਿ. ਰੂਪ ਸਿੰਘ ਰਸੀਲਾ, ਭਾਈ ਬਖਸ਼ੀਸ਼ ਸਿੰਘ, ਭਾਈ ਜਸਵੰਤ ਸਿੰਘ ਹਜੂਰੀ ਰਾਗੀ ਗੁ. ਸਾਹਿਬ ਜੰਡ ਵਾਲਾ, ਅਰਨੀਵਾਲ, ਭਾਈ ਮਹਿੰਦਰ ਸਿੰਘ, ਗਿ. ਭਜਨ ਸਿੰਘ ਸਾਬਕਾ ਮੈਂਬਰ ਐਸਜੀਪੀਸੀ ਅਤੇ ਭਾਈ ਚਰਨਜੀਤ ਸਿੰਘ ਤੋਂ ਇਲਾਵਾ ਹੋਰ ਬਹੁਤ ਸਾਰੇ ਰਾਗੀ ਢਾਡੀ ਜੱਥਿਆਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਸੁਣਾ ਕੇ ਨਿਹਾਲ ਕੀਤਾ। ਗਿ. ਗੁਰਮੇਲ ਸਿੰਘ ਹੈਡ ਗ੍ਰੰਥੀ, ਭਾਈ ਕਰਮ ਸਿੰਘ ਹੈਡ ਗ੍ਰੰਥੀ, ਸੰਤ ਪਰਮਜੀਤ ਸਿੰਘ ਜੀ ਬੁਰਜਾਂ ਵਾਲੇ, ਬਾਬਾ ਪ੍ਰੇਮ ਸਿੰਘ ਜੀ, ਸੰਤ ਬਾਬਾ ਬੱਗਾ ਸਿੰਘ ਸੰਤ ਬਾਬਾ ਹਰੀ ਸਿੰਘ ਅਤੇ ਗੁ. ਮੁਹੱਲਾ ਕਰਨੈਲ ਸਿੰਘ ਮਾਸਟਰ ਹਰਿਮੰਦਰ ਸਿੰਘ ਪ੍ਰਧਾਨ ਗੁਰਮਤਿ ਗ੍ਰੰਥੀ ਸਭਾ ਮਲੋਟ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਨਗਰ ਮਲੋਟ, ਭਾਈ ਸਤਨਾਮ ਸਿੰਘ, ਜਥੇਦਾਰ ਨਿਰਮਲ ਸਿੰਘ ਖਾਲਸਾ ਆਦਿਕ ਨੇ ਸੰਗਤਾਂ ਦਾ ਧੰਨਵਾਦ ਕੀਤਾ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਾਇਆ ਗਿਆ।

*ਪ੍ਰੋ. ਮੰਗਤ ਸਿੰਘ ਮਸਤਾਨਾ*
ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ ਮਲੋਟ

### An Appeal

Donate Books for Bhai Vir Singh Library at Jalandhar in English/Hindi/Punjabi and join in the noble mission. We will sincerely welcome books for children. Even old books in good condition can be sent. This Library is run where security or other charges are not made. It is absolutely free.

***- Bakhshish Singh Arora***
*Hony. Librarian, 211, Cheema Nagar Ext., Near model Town, Jalandhar 144 001*

### Nishkam Scholarships for Professional College Student - 2005

'ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ, ਯੂ.ਐਸ.ਏ' ਦੀ ਖਾਤਰ, ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ.), 18000/- ਰੁਪਏ ਸਲਾਨਾ ਤਕ ਦੇ ਵਜ਼ੀਫੇ, ਮਾਨਤਾ ਪ੍ਰਾਪਤ ਕਾਲਜਾਂ/ਯੂਨੀਵਰਸਿਟੀਆਂ ਵਿਚ, ਪੇਸ਼ਾਵਰ ਡਿਗਰੀ (Professional degree) ਕੋਰਸ (like Engg. IT, Medical, Nursing, Home Science, Architecture, Agriculture, Business Management, B.Ed., Journalism, CA etc.) ਕਰ ਰਹੇ ਵਿਦਿਆਰਥੀਆਂ ਨੂੰ, ਦੇਣ ਲਈ ਅਰਜ਼ੀਆਂ ਦੀ ਮੰਗ ਕਰਦੀ ਹੈ। ਬਾਰਵੀਂ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ ਵੀ ਅਰਜੀ ਦੇ ਸਕਦੇ ਹਨ, ਪਰ ਵਜ਼ੀਫਾ ਪ੍ਰੋਫੈਸ਼ਨਲ ਕੋਰਸ ਵਿਚ ਦਾਖਲਾ ਮਿਲਣ 'ਤੇ ਹੀ ਮਿਲੇਗਾ। ਯੋਗਤਾ : ਘੱਟ ਤੋਂ ਘੱਟ 60% ਨੰਬਰ ਤੇ ਪਰਿਵਾਰਕ ਆਮਦਨ 10000/- ਰੁਪਏ ਮਹੀਨਾ ਤੋਂ ਵਧ ਨਹੀਂ। ਨਵੰਬਰ, 1984 ਜਾਂ ਇਹੋ ਜਿਹੇ ਹੋਰ ਹਲਾਤਾਂ ਦੇ ਪ੍ਰਭਾਵਿਤ ਬੱਚਿਆਂ ਨੂੰ ਪਹਿਲ ਦਿੱਤੀ ਜਾਵੇਗੀ। ਫਰੀ ਅਰਜੀ ਦੇ ਫਾਰਮ ਨਿਸ਼ਕਾਮ ਭਵਨ, ਤਿਲਕ ਵਿਹਾਰ, ਨਵੀਂ ਦਿੱਲੀ - 110 018 (ਫੋਨ : 25412601, 55464490) ਤੋਂ ਡਾਕ ਰਾਹੀਂ ਜਾਂ (e-mail : nishkamsewa@eth.net) ਤੇ ਮੰਗਵਾ ਕੇ, ਪੂਰੀ ਤਰ੍ਹਾਂ ਭਰ ਕੇ, ਪ੍ਰਮਾਣ ਪੱਤਰਾਂ ਦੀਆਂ ਕਾਪੀਆਂ (ਪਰਿਵਾਰ ਦੀ ਆਮਦਨੀ ਦਾ ਪ੍ਰਮਾਣ ਪੱਤਰ, ਟਿਊਸ਼ਨ ਫੀਸ ਅਤੇ ਹੋਰ ਜਰੂਰੀ ਖਰਚਿਆਂ ਦਾ ਪਰੂਫ) ਆਦਿ ਨਾਲ 31 ਮਾਰਚ 2005 ਤਕ ਨਿਸ਼ਕਾਮ ਆਫਿਸ ਪਹੁੰਚਣੇ ਜ਼ਰੂਰੀ ਹਨ। ਅਰਜੀ ਦਾ ਫਾਰਮ ਨਿਸ਼ਕਾਮ ਦੇ ਵੈਬਸਾਈਟ www.nishkam.org ਤੋਂ ਵੀ ਲਿਆ ਜਾ ਸਕਦਾ ਹੈ। ਯੋਗ ਵਿਦਿਆਰਥੀਆਂ ਦਾ ਪੰਜਾਬੀ ਤੇ ਧਾਰਮਿਕ ਦਾ ਸਕਰੀਨਿੰਗ ਟੈਸਟ ਸ਼ਨੀਵਾਰ, 30 ਅਪ੍ਰੈਲ, 2005 ਨੂੰ ਨਵੀਂ ਦਿੱਲੀ, ਚੰਡੀਗੜ੍ਹ, ਲੁਧਿਆਣਾ ਅਤੇ ਅੰਮ੍ਰਿਤਸਰ ਵਿਖੇ ਹੋਵੇਗਾ ਅਤੇ ਇਸ ਤੋਂ ਬਾਅਦ ਇੰਟਰਵਿਊ ਨਵੀਂ ਦਿੱਲੀ ਵਿਚ ਲਈ ਜਾਵੇਗੀ, ਜਿਸ ਦੀ ਤਾਰੀਖ ਦੀ ਸੂਚਨਾ ਬਾਅਦ ਵਿਚ ਦਿੱਤੀ ਜਾਵੇਗੀ।



Sri Satguru Jagjit Singh Ji Elibrary NamdhariElibrary@gmail.com

# ਕਰਉ ਬੇਨੰਤੀਆ

## ਗੁਰਮਤਿ ਸੰਗੀਤਕਾਰ - ਪ੍ਰੋ. ਪ੍ਰਭਜੋਤ ਕੌਰ

ਹੁਣੇ ਜਿਹੇ ਗੁਰਮਤਿ ਸੰਗੀਤ ਸਬੰਧੀ ਪ੍ਰਕਾਸ਼ਿਤ ਪ੍ਰੋ. ਪਰਮਜੋਤ ਸਿੰਘ ਹੋਰਾਂ ਦੀ ਪੁਸਤਕ ਦਾ ਹਿੰਦੀ ਅਨੁਵਾਦ ਮੇਰੇ ਹੱਥ ਲੱਗਾ। ਖੁਸ਼ੀ ਹੋਈ ਕਿ ਗੁਰਮਤਿ ਸੰਗੀਤ ਦੇ ਵਿਦਵਾਨ ਗੁਰਮਤਿ ਸੰਗੀਤ ਦੇ ਖਜ਼ਾਨੇ ਨੂੰ ਭਰਪੂਰ ਕਰਨ ਲਈ ਯਤਨਸ਼ੀਲ ਹਨ। ਇਸ ਪੁਸਤਕ ਦੇ ਅਨੁਵਾਦਕ ਪ੍ਰੋ. ਪ੍ਰਭਜੋਤ ਕੌਰ ਜੀ ਹਨ।

ਪ੍ਰੋ. ਪ੍ਰਭਜੋਤ ਕੌਰ ਜੀ ਦੇ ਦੱਸਣ ਅਨੁਸਾਰ ਉਨ੍ਹਾਂ ਨੇ ਗੁਰਮਤਿ ਸੰਗੀਤ ਦੀ ਸਿੱਖਿਆ ਆਪਣੀ ਨਾਨੀ ਜੀ ਪਾਸੋਂ ਪੰਜ ਵਰ੍ਹਿਆਂ ਦੀ ਉਮਰ ਵਿਚ ਹੀ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ ਸੀ।

ਆਪਣੇ ਮਾਤਾ ਜੀ ਦੀ ਪ੍ਰੇਰਨਾ ਸਦਕਾ ਉਹ ਹਫਤਾਵਾਰੀ ਕੀਰਤਨ ਸਮਾਗਮਾਂ ਵਿਚ ਕੀਰਤਨ ਕਰਦੇ ਰਹੇ ਹਨ।

ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਉਨ੍ਹਾਂ ਦੇ ਘਰ ਦੇ ਨੇੜੇ ਹੀ ਹੈ। ਉਥੇ ਉਹਨਾਂ ਭਾਈ ਜੋਗਿੰਦਰ ਸਿੰਘ ਜੀ ਤੋਂ ਕੀਰਤਨ ਸਿਖਲਾਈ ਪ੍ਰਾਪਤ ਕੀਤੀ। ਐਮ. ਏ. ਵਿਚ ਸੰਗੀਤ ਸਿਖਲਾਈ ਉਨ੍ਹਾਂ ਨੇ ਸ੍ਰੀ ਰਵੀ ਸ਼ਰਮਾਂ ਤੋਂ ਪ੍ਰਾਪਤ ਕੀਤੀ।

ਵਿਆਹ ਤੋਂ ਬਾਅਦ ਉਹ ਸੁਲਝੇ ਹੋਏ ਗੁਰਮਤਿ ਸੰਗੀਤ ਦੇ ਵਿਦਵਾਨ ਪ੍ਰੋ. ਪਰਮਜੋਤ ਸਿੰਘ ਹੋਰਾਂ ਦੀ ਨੂੰਹ ਬਣ ਕੇ ਮੁੱਲਾਂਪੁਰ ਜ਼ਿਲਾ ਲੁਧਿਆਣਾ ਆਏ। ਪ੍ਰੋ. ਪਰਮਜੋਤ ਸਿੰਘ ਜੀ ਨੇ ਆਪਣੇ ਘਰ ਦਾ ਨਾਮ ਆਪਣੇ ਉਸਤਾਦ, ਪ੍ਰਸਿੱਧ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਦੇ ਨਾਮ ਤੇ 'ਸਵੱਰ-ਸਮੁੰਦ' ਰੱਖਿਆ ਹੋਇਆ ਹੈ। ਪ੍ਰਭਜੋਤ ਕੌਰ ਜੀ ਨੇ ਇਥੇ ਵੀ ਗੁਰਮਤਿ ਸੰਗੀਤ ਦਾ ਰਿਆਜ਼ ਕਰਦਿਆਂ ਹੋਰ ਬਾਰੀਕੀਆਂ ਨੂੰ ਸਮਝਿਆ।

ਇਸ ਵੇਲੇ ਪ੍ਰੋ. ਪ੍ਰਭਜੋਤ ਕੌਰ ਜੀ.ਐਚ.ਜੀ. ਹਰਿਪ੍ਰਕਾਸ਼ ਕਾਲਜ ਆਫ ਐਜੂਕੇਸ਼ਨ ਸਿਧਵਾਂ ਖੁਰਦ (ਲੁਧਿਆਣਾ) ਵਿਚ ਲੈਕਚਰਾਰ ਦੇ ਤੌਰ ਤੇ ਸੇਵਾ ਕਰ ਰਹੇ ਹਨ। ਇਸ ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਦੀਆਂ ਸੁਰ ਲਿਪੀਆਂ ਦਿੱਤੀਆਂ ਗਈਆਂ ਹਨ। ਇਹ ਸਾਰੀਆਂ ਸੁਰ ਲਿਪੀਆਂ ਸਰਲ ਹਨ ਅਤੇ ਤਿੰਨ ਤਾਲ ਵਿਚ ਨਿਬੱਧ ਕੀਤੀਆਂ ਗਈਆਂ ਹਨ। ਹਰ ਰਾਗ ਦੀ ਜਾਣ ਪਛਾਣ ਸੰਖੇਪ ਵਿਚ ਦਿੱਤੀ ਹੋਈ ਹੈ। ਹਰ ਰਾਗ ਵਿਚ ਉਨ੍ਹਾਂ ਹੀ ਗੀਤਾਂ ਅਨੁਸਾਰ ਗਾਏ ਜਾਣ ਵਾਲੇ ਦੋ-ਦੋ ਸ਼ਬਦਾਂ ਦੇ ਸੰਕੇਤ ਵੀ ਦਿੱਤੇ ਹੋਏ ਹਨ।

ਇਹ ਪੁਸਤਕ ਹਿੰਦੀ-ਭਾਸ਼ੀ ਗੁਰਮਤਿ ਸੰਗੀਤ ਪ੍ਰੇਮੀਆਂ ਲਈ ਲਾਹੇਵੰਦ ਸਾਬਤ ਹੋਵੇਗੀ। ਸਾਨੂੰ ਆਸ ਹੈ ਪ੍ਰੋ. ਪ੍ਰਭਜੋਤ ਕੌਰ ਗੁਰਮਤਿ ਸੰਗੀਤ ਸਬੰਧੀ ਛੇਤੀ ਹੀ ਕੋਈ ਮੌਲਿਕ ਰਚਨਾ ਪੇਸ਼ ਕਰਨਗੇ।

ਅਸੀਂ ਉਹਨਾਂ ਦੀ ਸਿਹਤਯਾਬੀ ਅਤੇ ਕਾਮਯਾਬੀ ਲਈ ਅਰਦਾਸ ਕਰਦੇ ਹਾਂ।



Sri Satguru Jagjit Singh Ji Elibrary NamdhariElibrary@gmail.com

# ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ
## ਬਿਨੁ ਹਰਿ ਕੇ ਨਾਮ ਬਿਨਾ ਦੁਖ ਪਾਵੈ

ਰਮੇਸ਼ ਸਿੰਘ : ਸੀ-131, ਸੋਨਾਰੀ ਵੈਸਟ, ਜਮਸ਼ੇਦਪੁਰ (ਝਾਰਖੰਡ)

(17 ਤੋਂ 27/10/2004 ਤੱਕ ਅਮਰਾਵਤੀ ਵਿਖੇ ਹੋਏ ਸਤਿਸੰਗ 'ਤੇ ਅਧਾਰਿਤ)

ਸਾਰੀ ਦੁਨੀਆਂ ਮਾਇਆ ਦੀ ਅੱਗ ਵਿਚ ਸੜ ਰਹੀ ਹੈ। ਅੱਗ ਵਿਚ ਸੜਨਾ ਬੜਾ ਦੁਖਦਾਈ ਹੁੰਦਾ ਹੈ- ਪਿਉ ਪੁੱਤਰ ਤੋਂ ਦੁਖੀ ਹੈ, ਪੁੱਤਰ ਪਿਓ ਤੋਂ, ਪਤੀ ਪਤਨੀ ਤੋਂ ਦੁਖੀ ਹੈ ਪਤਨੀ ਪਤੀ ਕੋਲੋਂ, ਭਰਾ ਭਰਾ ਤੋਂ ਦੁਖੀ ਹੈ ਭੈਣ ਭੈਣ ਤੋਂ, ਇਸ ਦੁਖ ਨੇ ਸਭ ਨੂੰ ਆਪਣੇ ਗਲੇਂਵੇ ਵਿਚ ਲਇਆ ਹੋਇਆ ਹੈ। ਹੋਰ ਬਦਕਿਸਮਤੀ, ਹਰ ਕੋਈ ਆਪਣੇ ਦੁਖ ਦਾ ਜ਼ਿੰਮੇਵਾਰ ਦੂਜੇ ਨੂੰ ਸਮਝ ਰਿਹਾ ਹੈ ਕਿਉਂਕਿ ਮਾਇਆ ਬੰਦੇ ਨੂੰ ਐਸੇ ਭੁਲੇਖੇ ਵਿਚ ਪਾਉਂਦੀ ਹੈ ਕਿ ਉਹ ਇਹ ਅਸਲੀਅਤ ਵੇਖ ਹੀ ਨਹੀਂ ਪਾਂਦਾ ਕਿ ਸਾਰੇ ਦੁਖਾਂ ਦਾ ਮੂਲ ਕਾਰਣ ਮੇਰੀ 'ਮੈਂ' ਹੈ। ਜਦੋਂ ਤੀਕਰ ਰੋਗ ਦਾ ਪਤਾ ਹੀ ਨਾ ਲਗੇ ਤਾਂ ਨਿਦਾਨ ਕਿਵੇਂ ਹੋ ਸਕਦਾ ਹੈ। ਇਕ ਹੋਰ ਗੱਲ, ਦੁਖੀ ਬੰਦਾ ਰੋਗ ਤੇ ਇਲਾਜ, ਦੁਹਾਂ ਤੋਂ ਨਾਵਾਕਿਫ ਹੋਣ ਕਰਕੇ ਦੁਖ ਦੂਰ ਕਰਨ ਦੇ ਜਿਤਨੇ ਵੀ ਤਰੀਕੇ ਲਭਦਾ ਹੈ ਉਹ ਉਸਨੂੰ ਹੋਰ-ਹੋਰ ਦੁਖੀ ਕਰਦੇ ਹਨ ਤੇ ਦੁਖ ਦਾ ਇਹ ਸਿਲਸਿਲਾ ਕਈ ਵਾਰ ਬੰਦੇ ਨੂੰ ਪੂਰੀ ਤਰ੍ਹਾਂ ਤੋੜ ਦਿੰਦਾ ਹੈ ਤੇ ਉਸਨੂੰ ਸਮਝ ਹੀ ਨਹੀਂ ਪੈਂਦੀ ਕਿ ਹੋ ਕੀ ਰਿਹਾ ਹੈ- ਮੇਰੇ ਕੋਲ ਪੈਸਾ ਹੈ, ਮੈਂ ਕੁਲੀਨ ਹਾਂ, ਮੇਰੀ ਵਾਹ-ਵਾਹ ਵੀ ਹੋ ਰਹੀ ਹੈ, ਮੇਰੀ ਪੁਜੀਸ਼ਨ ਵੀ ਚੰਗੀ ਹੈ, ਮੈਂ ਚੰਗਾ ਪੜ੍ਹਿਆ-ਲਿਖਿਆ ਵੀ ਹਾਂ, ਮੈਂ ਚਤੁਰ ਵੀ ਹਾਂ, ਮੇਰਾ ਸਰੀਰ ਵੀ ਸੁਹਣਾ, ਸੁੰਦਰ, ਸੁਣੱਖਾ ਹੈ, ਦੁਨਿਆਵੀ ਕੰਮਾਂ ਵਿਚ ਵੀ ਮੈਨੂੰ ਮੁਹਾਰਤ ਹਾਸਿਲ ਹੈ, ਮੈਂ ਗਿਆਨੀ ਵੀ ਹਾਂ, ਕਿਸੇ ਪਾਸਿਓਂ ਕੋਈ ਕਮੀ ਨਹੀਂ ਫਿਰ ਇਹ ਅਸ਼ਾਂਤੀ ਕਿਉਂ ਨਹੀਂ ਜਾਂਦੀ। ਇਸ ਤਰ੍ਹਾਂ ਸਾਰੀ ਜ਼ਿੰਦਗੀ ਗੁਜ਼ਰ ਜਾਂਦੀ ਹੈ ਤੇ ਮਨੁੱਖ ਦੁਖ ਸਹੇੜਦਾ ਰਹਿੰਦਾ ਹੈ, ਦੁਖੀ ਜੀਵਨ ਗੁਜ਼ਾਰਦਾ ਹੈ, ਦੁਖ ਵਿਚ ਹੀ ਮਰ ਜਾਂਦਾ ਹੈ ਤੇ ਆਪਣਾ ਪਰਲੋਕ ਵੀ ਦੁਖਦਾਈ ਬਣਾ ਲੈਂਦਾ ਹੈ।

ਦੁਖ ਦੇ ਕਾਰਨਾਂ ਦੀ ਪਛਾਣ ਤੇ ਫਿਰ ਉਸਦਾ ਇਲਾਜ ਕਿਵੇਂ ਹੋਵੇ? ਪ੍ਰਭੂ ਸਾਡੇ ਮਾਤਾ-ਪਿਤਾ, ਸਾਡੇ ਸੱਚੇ ਹਿਤੈਸ਼ੀ, ਸਾਨੂੰ ਪਿਆਰ ਕਰਨ ਵਾਲੇ, ਸਾਡਾ ਭਲਾ ਚਾਹੁਣ ਵਾਲੇ, ਸਾਨੂੰ ਸੁਖ ਦੇਣ ਵਾਲੇ, ਸਾਡੇ ਸੰਗੀ, ਸਾਡੇ ਦਾਤਾ, ਸਾਡੇ ਪ੍ਰਤਿਪਾਲਕ, ਕਿਰਪਾ ਕਰਕੇ ਸਾਨੂੰ ਸਤਿਸੰਗਤ ਦੀ ਸ਼ਰਣ ਬਖਸ਼ਦੇ ਹਨ ਜਿਥੇ ਗੁਰੂ ਦੀ ਚਰਣ-ਸ਼ਰਣ ਵਿਚ ਬੈਠ ਇਨਸਾਨ ਜਦੋਂ ਗੁਰੂ-ਚਰਣਾਂ ਨਾਲ ਧਿਆਨ ਜੋੜਦਾ ਹੈ, ਅਰਥਾਤ ਗੁਰੂ ਦੇ ਸ਼ਬਦ/ਗੁਰੂ ਉਪਦੇਸ਼ ਨੂੰ ਗੰਭੀਰਤਾ ਨਾਲ ਸੁਣਦਾ- ਵਿਚਾਰਦਾ - ਮੰਨਦਾ- ਅਮਲ ਕਰਦਾ ਹੈ- ਤਾਂ ਉਸਦਾ ਸੁੱਤਾ ਮਨ ਜਾਗਦਾ ਹੈ, ਮਨ ਦੀ ਅੱਖ ਖੁੱਲ੍ਹਦੀ ਹੈ, ਗੁਰੂ ਦੇ ਦਰਸ਼ਨ ਹੁੰਦੇ ਹਨ, ਅਰਥਾਤ ਗੁਰੂ ਦੀ ਗੱਲ ਦਾ ਮਨ ਤੇ ਗਹਿਰਾ ਅਸਰ ਹੁੰਦਾ ਤੇ ਜ਼ਿੰਦਗੀ ਗੁਰਮਤਿ ਗਾਡੀ ਰਾਹ ਤੇ ਟੁਰ ਪੈਂਦੀ ਹੈ, ਕਿਉਂਕਿ ਮਨ ਪੂਰੀ ਤਰ੍ਹਾਂ ਮੰਨ ਜਾਂਦਾ ਹੈ ਕਿ ਗੁਰੂ (ਅਰਥਾਤ ਗੁਰਬਾਣੀ) ਬਿਲਕੁਲ ਠੀਕ ਕਹਿ ਰਹੇ ਹਨ। ਵੇਖੋ,

*ਕਹਿ ਕਬੀਰ ਅਬ ਜਾਨਿਆ॥*
*ਜਬ ਜਾਨਿਆ ਤਉ ਮਨੁ ਮਾਨਿਆ॥* ਪੰਨਾ 656

*ਸਾਧਸੰਗਿ ਮਨ ਸੋਵਤ ਜਾਗੇ॥*
*ਤਬ ਪ੍ਰਭ ਨਾਨਕ ਮੀਠੇ ਲਾਗੇ॥* ਪੰਨਾ 386

*ਦਰਸਨੁ ਪੇਖਤ ਮੈ ਜੀਉ॥*
*ਸੁਨਿ ਕਰਿ ਬਚਨ ਤੁਮਾਰੇ ਸਤਿਗੁਰ*
*ਮਨੁ ਤਨੁ ਮੇਰਾ ਠਾਰੁ ਥੀਓ॥* ਪੰਨਾ 382

ਮੁਤਾਬਿਕ ਹੈ ਅਗਲਾ ਸਵਾਲ ਇਹ ਉਠਦਾ ਹੈ ਕਿ ਕੋਈ ਕਿਵੇਂ ਇਹ ਕਹਿ ਸਕਦਾ ਹੈ ਕਿ ਸਤਿਸੰਗਤ ਦੀ ਘਾਟ ਹੈ ਜਦ ਕਿ ਇਤਨੇ ਗੁਰਦੁਆਰੇ (ਤੇ ਹੋਰ ਧਰਮ ਅਸਥਾਨ) ਹਨ, ਇਤਨੇ ਅਖੰਡਪਾਠ ਹੋ ਰਹੇ ਹਨ, ਇਤਨੇ ਕੀਰਤਨ ਦਰਬਾਰ ਹੋ ਰਹੇ ਹਨ- ਕੁਝ ਦਿਨ ਪਹਿਲਾਂ ਹੀ ਕਿਸੇ ਮੈਗਜ਼ੀਨ ਵਿਚ ਪੜ੍ਹਿਆ ਕਿ ਇਕ ਕੀਰਤਨ ਦਰਬਾਰ ਵਿਚ (ਸ਼ਾਇਦ ਦਿੱਲੀ ਵਿਖੇ) 31 ਰਾਗੀ ਜਥੇ ਬੁਲਾਏ ਗਏ, ਸਭ ਨੂੰ 15-15 ਮਿਨਟ ਦਾ ਸਮਾਂ ਮਿਲਿਆ ਤੇ 15-15 ਹਜ਼ਾਰ ਰੁਪਏ ਭੇਟਾ ਵਜੋਂ ਦਿੱਤੇ ਗਏ, ਅਰਥਾਤ ਲਗਭਗ ਪੌਣੇ ਪੰਜ ਲੱਖ ਰੁਪਏ ਤਾਂ ਕੇਵਲ ਰਾਗੀਆਂ ਨੂੰ ਦਿੱਤੇ ਗਏ, ਬਾਕੀ ਖਰਚ ਅਲਗ, ਸਿਮਰਨ ਵੀ ਹੋ ਰਿਹਾ ਹੈ, ਸ਼ਤਾਬਦੀਆਂ ਵੀ ਬੜੇ ਧੂਮਧਾਮ ਨਾਲ



Sri Satguru Jagjit Singh Ji Elibrary NamdhariElibrary@gmail.com

ਮਨਾਈਆਂ ਜਾ ਰਹੀਆਂ ਹਨ, ਵੱਡੇ-ਵੱਡੇ ਨਗਰ ਕੀਰਤਨ ਤੇ ਮਾਰਚ ਵੀ ਨਿਕਲ ਰਹੇ ਹਨ, ਅੰਮ੍ਰਿਤ ਸੰਚਾਰ ਤੇ ਵੀ ਬੜਾ ਜੋਰ ਦਿੱਤਾ ਜਾ ਰਿਹਾ ਹੈ। ਸਾਰੀ ਕੌਮ ਨੂੰ ਅੰਮ੍ਰਿਤਧਾਰੀ ਬਨਾਣ ਦੇ ਵੱਡੇ ਵੱਡੇ ਪਲਾਨ ਤੇ ਪ੍ਰੋਗਰਾਮ ਕਈ ਵਾਰ ਉਲੀਕੇ ਗਏ- ਪਰ, ਭਾਵੇਂ ਸਾਡਾ ਫੈਮਿਲੀ ਜੀਵਨ ਹੋਵੇ, ਸਮਾਜਿਕ ਜੀਵਨ, ਰਾਜਨੀਤਕ ਯਾ ਕੌਮੀ ਜੀਵਨ, ਹਰ ਪੱਧਰ ਤੇ ਸਾਡੀ ਹਾਲਤ ਕੋਈ ਚੰਗੀ ਨਹੀਂ। ਅਸੀਂ ਇਹ ਕਹਿ ਕੇ ਆਪਣੇ ਆਪਨੂੰ ਤਸੱਲੀ ਨਹੀਂ ਦੇ ਸਕਦੇ ਕਿ ਸਾਰੀ ਦੁਨੀਆਂ ਦਾ ਇਹੋ ਹਾਲ ਹੈ ਕਿਉਂਕਿ ਗੁਰੂ ਨੇ ਸਾਨੂੰ ਹੋਰਨਾਂ ਤੋਂ ਨਿਆਰਾ ਬਣਾਇਆ ਸੀ ਤੇ ਸਾਡੇ ਕੋਲੋਂ ਇਹ ਉਮੀਦ ਕੀਤੀ ਸੀ ਕਿ ਸਿੱਖ ਸਾਰੀ ਦੁਨੀਆਂ ਦੇ ਦੁੱਖ ਕੱਟੇਗਾ, ਉਹ ਸੁਖਸਾਗਰ ਗੁਰੂ ਦਾ ਸਿੱਖ ਬਣ ਕੇ ਆਪ ਵੀ ਸੁਖੀ ਹੋਵੇਗਾ ਤੇ ਹੋਰਨਾਂ ਨੂੰ ਵੀ ਸੁਖ ਦਾ ਰਾਹ ਵਿਖਾਏਗਾ। ਅਫਸੋਸ, ਜਿਥੋਂ ਇਹ ਸੇਧ (guidance) ਮਿਲਣੀ ਸੀ ਅਰਥਾਤ ਗੁਰਦੁਆਰੇ ਉਥੇ ਹੀ ਆਮ ਤੌਰ ਤੇ, ਜੀਵਨ ਰਾਹੀਂ ਸਿੱਖੀ ਦਾ ਉਹ ਉਦਾਹਰਣ ਪੇਸ਼ ਨਹੀਂ ਕਰਦੇ ਜੋ ਗੁਰੂ ਸਾਹਿਬਾਨ ਨੇ ਸਿਖਾਇਆ ਸੀ। ਉਥੇ ਤਾਂ ਮਾਇਆ ਦਾ ਜੋਰ ਹੈ, ਗੁਰਦੁਆਰਿਆਂ ਨੂੰ commercial houses (ਵਪਾਰਕ ਕੇਂਦਰ) ਬਣਾ ਦਿੱਤਾ ਗਿਆ ਹੈ- ਪੈਸੇ ਦੇ ਕੇ ਕੀਰਤਨ, ਪੈਸੇ ਦੇ ਕੇ ਅਖੰਡ ਪਾਠ, ਪੈਸੇ ਦੇ ਕੇ ਅਰਦਾਸ, ਪੈਸੇ ਦੇ ਕੇ ਸਿਰੋਪਾ, ਪੈਸਾ, ਪੈਸਾ, ਪੈਸਾ ਬਸ ਪੈਸੇ ਦਾ ਜੋਰ ਹੈ, ਪੈਸੇ ਵਾਲਾ ਪਰਧਾਨ ਹੈ, ਮਾਲਕ ਭਾਗੋ ਦਾ ਕਬਜ਼ਾ ਹੈ ਉਥੇ, ਭਾਈ ਲਾਲੋ (ਗਰੀਬ ਸ਼ਰਧਾਵਾਨ ਸਿੱਖ) ਨੂੰ ਕੋਈ ਪੁੱਛਦਾ ਨਹੀਂ, ਕਿਵੇਂ ਗੁਰੂ ਨਾਨਕ ਦੀ ਖੁਸ਼ੀ ਮਿਲੇਗੀ, ਕਿਵੇਂ ਗੁਰੂ ਸਾਡੀ ਬਾਂਹ ਪਕੜੇਗਾ? ਗੁਰੂ ਦੇ ਬਗੈਰ ਸਾਡੀ ਕਿਤੇ ਢੋਈ ਨਹੀਂ, ਸੁ ਟੱਕਰਾਂ ਖਾ ਰਹੇ ਹਾਂ, ਭਟਕ ਰਹੇ ਹਾਂ, ਦੁਖੀ ਹਾਂ, ਅਸ਼ਾਂਤ ਹਾਂ।

ਇਸ ਮਾਹੌਲ ਵਿਚ ਕਿਤੇ-ਕਿਤੇ ਆਸ਼ਾ ਦੀ ਕਿਰਨ ਦਿਖਾਈ ਦਿੰਦੀ ਹੈ। ਜਿਥੇ ਕੋਈ ਗੁਰੂ ਪਿਆਰਾ, ਗੁਰੂ ਆਸ ਅਨੁਸਾਰ ਪ੍ਰਭੂ ਸਦਕਾ ਆਪਣਾ ਜੀਵਨ ਗੁਰੂ ਬਚਨਾਂ ਤੇ ਢਾਲ ਕੇ ਐਸਾ ਮਾਹੌਲ ਪੈਦਾ ਕਰਦਾ ਹੈ ਕਿ, ਜਿਵੇਂ ਫੁੱਲਾਂ ਦੀ ਖੁਸ਼ਬੋ ਪਾ ਕੇ ਭੌਰੇ ਖੁਦ-ਬ-ਖੁਦ ਚਲੇ ਆਉਂਦੇ ਹਨ ਤਿਵੇਂ ਹੀ, 'ਮਿਲਿ ਕੈ ਕਰਹ ਕਹਾਣੀਆ ਸੰਮਰਥ ਕੰਤ ਕੀਆਹ' (ਪੰਨਾ 17) ਦੇ ਚਾਹਵਾਨ ਗੁਰਸਿਖ, ਮੀਤ ਪਿਆਰੇ ਕੋਲ ਇਕਤ੍ਰ ਹੋ ਕੇ 'ਮੇਰਾ ਹਰਿ ਪ੍ਰਭੁ ਦਸਹੁ ਮੈਂ ਭੁਖ ਲਗਾਈ' (ਪੰਨਾ 95) ਦੇ ਮਹਾਂਵਾਕ ਅਨੁਸਾਰ ਸੱਚੇ ਨਾਮ ਦਾ ਭੋਜਨ ਪਾਉਣ ਲਈ ਇਕੱਤਰ ਹੋ ਜਾਂਦੇ ਹਨ ਤੇ ਗੁਰਸਿਖ ਵੀ ਚੀਕਾਂ ਮਾਰ-ਮਾਰ ਕੇ ਕਹਿੰਦਾ ਹੈ-

*ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥*

ਪੰਨਾ 318

ਤੇ ਜਿਹੜਾ ਆਏ ਪ੍ਰਭੂ ਦੀਆਂ ਬਾਤਾਂ ਸੁਣਨ/ ਸੁਨਾਣ, ਮੈਂ ਉਸਦੇ ਚਰਨ ਧੋ-ਧੋ ਕੇ ਪੀਵਾਂ ਤੇ ਅਸੀਂ ਰਲ ਕੇ ਬਸ ਇਹੋ ਕੰਮ ਕਰੀਏ-

*ਨਾਮੁ ਸੁਣੇ ਨਾਮੁ ਸੰਗ੍ਰਹਿ ਨਾਮੇ ਲਿਵ ਲਾਵਉ॥*

ਪੰਨਾ 318

ਐਸੇ ਗੁਰੂ ਪਿਆਰਿਆਂ ਦੀ ਸੰਗਤ ਜਦੋਂ ਭਿੰਨੀ ਰੈਣ ਨੂੰ ਚਮਕਦੇ ਤਾਰਿਆਂ ਹੇਠ ਜੁੜ ਕੇ ਹਰੀ ਜਸ ਗਾਉਂਦੀ ਹੈ ਤਾਂ 'ਉਥੈ ਅੰਮ੍ਰਿਤ ਵੰਡੀਐ' ਦਾ ਮਾਹੌਲ ਬਣ ਜਾਂਦਾ ਹੈ, ਸ਼ਬਦ ਦੀ ਇਕ-ਇਕ ਤੁਕ ਨੂੰ ਚੰਗੀ ਤਰ੍ਹਾਂ ਘੋਖਿਆ ਵਿਚਾਰਿਆ ਜਾਂਦਾ ਹੈ ਤੇ ਨਿੱਜੀ ਜੀਵਨ 'ਚੋਂ ਅਮਲੀ ਉਦਾਹਰਣ ਪੇਸ਼ ਕੀਤੇ ਜਾਂਦੇ ਹਨ, ਉਥੇ ਸਾਰਾ ਜੋਰ ਅਮਲ ਤੇ ਦਿੱਤਾ ਜਾਂਦਾ ਹੈ, ਪੜ੍ਹਨਾ-ਸੁਨਣਾ-ਵਿਚਾਰਨਾ ਲਾਜ਼ਮੀ ਹੈ ਪਰ ਇਹ ਸਾਰੀ exercise ਤਾਂ ਹੀ ਫਲੀਭੂਤ ਹੋਵੇਗੀ ਜੇ ਅਸੀਂ ਆਪਣੀ ਜਿੰਦਗੀ ਵਿਚ ਇਨ੍ਹਾਂ ਗੁਰ ਬਚਨਾਂ ਤੇ ਅਮਲ ਕਰਾਂਗੇ, ਇਹ ਵਾਰ-ਵਾਰ ਦ੍ਰਿੜ ਕਰਾਇਆ ਜਾਂਦਾ ਹੈ। ਜੇ ਇਸ ਤਰ੍ਹਾਂ ਗੁਰਮਤਿ ਅਧਾਰਿਤ ਜੀਵਨ ਬਣ ਜਾਏ ਤਾਂ ਕਰੋੜਾਂ ਜਨਮਾਂ ਦੇ ਦੁਖ ਮਿਟ ਜਾਂਦੇ ਹਨ, ਮਨ ਦੀਆਂ ਸਾਰੀਆਂ ਕਾਮਨਾਵਾਂ ਮੁਕ ਜਾਂਦੀਆਂ ਹਨ, ਮਨ ਅਨਦਿਨ ਅਨਦ ਸੰਗ ਜੀਓ ਵਾਲੇ ਗੁਰਮਤਿ ਗਾਡੀ ਰਾਹ ਦਾ ਪਾਂਧੀ ਬਣ ਜਾਂਦਾ ਹੈ ਜਿਥੇ ਦੁਖ-ਦਰਦ, ਭਰਮ-ਕਲੇਸ਼, ਸਾੜਾ, ਈਰਖਾ, ਦ੍ਵੈਸ਼, ਚੁਗਲੀ, ਬਖੀਲੀ ਅਤੇ ਨਿੰਦਾ ਦੀ ਥਾਂ ਸੁਖ-ਸ਼ਾਂਤੀ, ਆਨੰਦ-ਪਿਆਰ, ਸਭ ਦਾ ਭਲਾ, ਸਬਰ-ਸੰਤੋਖ, ਨਿਮਰਤਾ-ਦਇਆ ਅਤੇ ਸਤਿ ਦੀ ਪ੍ਰਧਾਨਤਾ ਹੁੰਦੀ ਹੈ। ਸਰਬਤ ਦੇ ਭਲੇ ਦੀ ਭਾਵਨਾ ਇਤਨੀ ਪਰਬਲ ਹੋ ਜਾਂਦੀ ਹੈ ਕਿ ਸਿੱਖ ਸਾਰਿਆਂ ਨੂੰ ਆਪਣੀ ਗਲਵਕੜੀ ਵਿਚ ਲੈ ਕੇ ਪਿਆਰ-ਮੁਹੱਬਤ ਦੀ ਉਹ ਦਾਤ ਸਾਂਝੀ ਕਰਦਾ ਹੈ ਜੋ ਉਸਨੂੰ ਪ੍ਰਭੂ ਤੋਂ ਪ੍ਰਾਪਤ ਹੁੰਦੀ ਹੈ।

ਆਓ ਜਰਾ ਵੇਖੀਏ ਕਿ ਸਾਧਸੰਗਤ ਵਿਚ ਕਿਵੇਂ ਮਨ ਦੀ ਦਸ਼ਾ ਤੇ ਦਿਸ਼ਾ ਪਲਟਦੀ ਹੈ ਤੇ ਜਨਮਾਂ-ਜਨਮਾਂ ਦੀ ਮੈਲ ਸਾਫ ਹੋਣ ਕਰਕੇ ਮਨ ਨਿਰਮਲ ਹੋ ਜਾਂਦਾ ਹੈ, ਕੁਝ ਪ੍ਰਮੁੱਖ ਗੱਲਾਂ :

1. ਜੀਵਨ ਉਦੇਸ਼ ਦੀ ਸੋਝੀ ਪ੍ਰਾਪਤ ਹੁੰਦੀ ਹੈ ਕਿ ਮਨੁੱਖ ਹੋਣ ਦੇ ਨਾਤੇ ਮੇਰਾ ਮੁਖ ਕੰਮ ਨਾਮ ਜਪਣਾ-ਗੋਬਿੰਦ ਮਿਲਨ ਹੈ।
2. ਗੁਰੂ ਦੀ ਸਹਾਇਤਾ ਬਗੈਰ ਮੇਰਾ ਇਹ ਕੰਮ ਕਤਈ



Sri Satguru Jagjit Singh Ji Elibrary NamdhariElibrary@gmail.com

ਨਹੀਂ ਹੋ ਸਕਦਾ be sure about it ਐਸਾ ਗੁਰੂ ਦਸਦੇ ਹਨ।

3. ਗੁਰੂ ਕੌਣ ਹੈ? ਬਾਣੀ ਹੀ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਹੀ ਮੈਨੂੰ ਗਾਈਡ ਕਰਕੇ ਪ੍ਰਭੂ ਤਕ ਪੁਚਾ ਸਕਦਾ ਹੈ।

4. ਗੁਰੂ ਵਾਲਾ ਬਨਣ ਦਾ ਮਤਲਬ ਗੁਰੂ ਦੇ ਆਖੇ ਲਗਣਾ ਹੈ- ਜੋ ਗੁਰਬਾਣੀ ਕਹਿੰਦੀ ਹੈ ਉਹ ਮੈਨੂੰ ਪੂਰੀ ਤਰ੍ਹਾਂ ਮੰਨਣਾ/ਅਮਲ ਵਿਚ ਲਿਆਉਣਾ ਪਵੇਗਾ, ਇਸ ਵਿਚ if/but (ਕਿੰਤੂ/ਪ੍ਰੰਤੂ) ਦੀ ਕੋਈ ਥਾਂ ਨਹੀਂ।

5. ਦੂਜੇ ਲਫਜ਼ਾਂ ਵਿਚ, ਮੈਨੂੰ ਗੁਰੂ ਦੀ ਗੁਲਾਮੀ ਕਰਨੀ ਪਵੇਗੀ। ਪਰ ਕਮਾਲ ਇਹ ਹੈ ਕਿ ਇਸ ਗੁਲਾਮੀ ਵਿਚ ਸਾਰੀ ਦੁਨੀਆਂ ਦੀ ਆਜ਼ਾਦੀ ਹੈ।

6. ਇਹ ਗੁਲਾਮੀ ਕੋਈ ਦੁਨਿਆਵੀ ਮਜਬੂਰੀ ਵਾਲੀ ਗੁਲਾਮੀ ਨਹੀਂ, ਇਸ ਗੁਲਾਮੀ ਦੀ ਨੀਂਹ ਪਿਆਰ ਹੈ- ਉਸ ਪਿਆਰੇ ਲਈ ਪਿਆਰ ਜਿਸ ਵਰਗਾ ਪਿਆਰਾ ਹੋਰ ਕੋਈ ਨਹੀਂ, ਉਹ ਪਿਆਰਾ ਉਨ੍ਹਾਂ ਨੂੰ ਪਿਆਰ ਕਰਦਾ ਹੈ ਜਿਨ੍ਹਾਂ ਨੂੰ ਕੋਈ ਪੁਛਦਾ ਨਹੀਂ, ਜਿਨ੍ਹਾਂ ਨੂੰ ਦੁਨੀਆਂ ਠੋਕਰਾਂ ਮਾਰਦੀ ਹੈ, ਜੋ ਅਤਿ ਗਰੀਬ, ਅਤਿ ਨਿਮਾਣੇ, ਅਤਿ ਲਿਤਾੜੇ ਹੋਏ ਹੁੰਦੇ ਹਨ।

7. ਗੁਰੂ ਸਾਹਿਬ ਆਪਣੇ ਹੁਕਮਾਂ (ਬਾਣੀ) ਅੰਦਰ ਜੋ ਮੈਨੂੰ ਕਰਨ ਲਈ ਆਦੇਸ਼ ਕਰਦੇ ਹਨ (DO[s]) ਉਹ ਮੈਨੂੰ ਪੂਰੀ ਈਮਾਨਦਾਰੀ, ਪੂਰੀ ਕੋਸ਼ਿਸ਼ ਨਾਲ ਕਰਨਾ ਪਵੇਗਾ, ਨਾਲ ਅਰਦਾਸ ਕਰਦੇ ਰਹਾਂਗੇ ਤਾਂ ਸਤਿਗੁਰੂ ਜ਼ਰੂਰ ਇਸ ਵਿਚ ਮੇਰੀ ਮਦਦ ਕਰਨਗੇ ਅਤੇ ਜਿਨ੍ਹਾਂ ਕੰਮਾਂ ਤੋਂ ਰੋਕਦੇ ਹਨ। (DON'Ts) ਉਹ ਬਿਲਕੁਲ ਤਿਆਗਣਾ ਪਵੇਗਾ।

8. ਜੇਕਰ ਕਿਤੇ ਗੁਰੂ ਹੁਕਮਾਂ ਤੇ ਦੁਨੀਆਵੀ ਲੋਕਾਂ ਦੀ ਸਲਾਹ ਵਿਚ ਟਕਰਾਅ ਆ ਜਾਏ ਤਾਂ ਬੇਝਿਝਕ, ਪਹਿਲ ਹਰ ਹਾਲ ਵਿਚ ਗੁਰੂ ਦੇ ਹੁਕਮਾਂ ਦੀ ਪਾਲਨਾ ਵਿਚ ਕਰਨੀ ਹੈ, ਅਰਥਾਤ Priority No.1 ਪ੍ਰਭੂ ਹੋਣਾ ਚਾਹੀਦਾ ਹੈ।

9. ਅੰਮ੍ਰਿਤ ਵੇਲਾ (ਨਾਮ ਜਪਣਾ) ਸੱਚੀ-ਸੁੱਚੀ ਕਿਰਤ, ਵੰਡ ਕੇ ਛਕਣਾ (ਦਸਵੰਧ ਕੱਢਣਾ) ਇਹ ਜੀਵਨ ਦਾ ਆਧਾਰ ਬਨਣ ਤੇ ਨਾਲ ਹਰ ਵੇਲੇ ਇਹ ਫਿਕਰ/ਚਿੰਤਾ ਲਗੀ ਰਹਵੇ-

*ਚਿੰਤ ਭਵਨਿ ਮਨੁ ਪਰਿਓ ਹਮਾਰਾ ॥*
*ਨਾਮ ਬਿਨਾ ਕੈਸੇ ਉਤਰਸਿ ਪਾਰਾ ॥* ਪੰਨਾ 478

ਅਰਥਾਤ, ਜਿਵੇਂ ਗੁਰੂ ਪਿਆਰੇ ਕਿਹਾ ਕਰਦੇ ਹਨ-

*ਪ੍ਰਭੂ ਤੇਰਾ ਮੇਰਾ ਪਿਆਰ ਕਹੀਂ ਟੂਟ ਨ ਜਾਏ ॥*
*ਯਹੀ ਫਿਕਰ ਮੁਝੇ ਹਰਦਮ ਖਾਏ ॥*

10. ਮਨ ਹਰ ਵੇਲੇ ਪ੍ਰਭੂ ਦੀਆਂ ਰਹਿਮਤਾਂ ਦੇ ਸ਼ੁਕਰਾਨੇ ਤੇ ਆਪਣੇ ਗੁਨਾਹਾਂ ਦੀ ਸ਼ਰਮਿੰਦਗੀ ਹੇਠ ਰਹਵੇ ਤੇ ਇਹ ਅਰਦਾਸ ਕਰਦਾ ਰਹੇ-

*ਦੁਇ ਕਰ ਜੋੜਿ ਮਾਗਉ ਇਕੁ ਦਾਨਾ*
*ਸਾਹਿਬ ਤੁਠੈ ਪਾਵਾ ॥*
*ਸਾਸਿ ਸਾਸਿ ਨਾਨਕੁ ਆਰਾਧੇ*
*ਆਠ ਪਹਰ ਗੁਣ ਗਾਵਾ ॥* ਪੰਨਾ 749

ਅੰਤ ਵਿਚ, ਖੇਡ ਸਾਰੀ ਮਨ ਦੀ ਹੈ। ਮਨ ਹੀ ਸਾਨੂੰ ਡੋਬਦਾ ਹੈ ਜੇ ਪੰਜਾਂ ਚੋਰਾਂ ਦੀ ਸੰਗਤ ਕਰਦਾ ਰਹਵੇ ਤੇ ਮਨ ਹੀ ਸਾਨੂੰ ਪ੍ਰਭੂ ਤਕ ਲਿਜਾਂਦਾ ਹੈ ਜੇ ਗੁਰੂ ਦੇ ਆਖੇ ਲਗ ਜਾਏ। ਇਸ ਲਈ ਹਰ ਵੇਲੇ ਮਨ ਨੂੰ ਖੋਜਦੇ ਰਹੀਏ ਕਿ ਇਹ ਕਿਸ ਦੇ ਸੰਗ ਹੈ ਤੇ ਇਸਨੂੰ ਪ੍ਰੇਰਨਾ ਕਰਦੇ ਰਹੀਏ- ਐ ਪਿਆਰੇ ਮਨਾ, ਐ ਮੇਰੇ ਮਿਤ੍ਰਾ, ਤੂੰ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਜੁੜਿਆ ਰਹੁ, ਕਿਉਂਕਿ ਸਿਵਾਇ ਪ੍ਰਭੂ ਦੇ ਹੋਰ ਕੋਈ ਵੀ ਸਾਡਾ ਸਾਥ ਨਹੀਂ ਦੇ ਸਕਦਾ, ਹੋਰ ਕੋਈ ਵੀ ਸਾਡੇ ਨਾਲ ਨਹੀਂ ਨਿਭੇਗਾ-

*ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥*
*ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ ॥*
ਪੰਨਾ 79

ਨਾਲ ਹੀ, ਪ੍ਰਭੂ ਨੂੰ ਭੁਲਾ ਕੇ ਜੀਵਨ ਗੁਜ਼ਾਰਨ ਨਾਲ ਹਰ ਵੇਲੇ ਦੁਖ ਹੀ ਦੁਖ ਹੈ, ਪ੍ਰਭੂ ਨੂੰ ਭੁਲਾ ਕੇ ਜੀਵਨ ਗੁਜ਼ਾਰ ਰਹੇ ਸਾਰੇ ਲੋਕ ਦੁਖੀ ਹਨ -

*ਨਾਨਕ ਦੁਖੀਆ ਸਭੁ ਸੰਸਾਰੁ ॥* ਪੰਨਾ 953

**ਪਵਿੱਤਰ ਗੁਰਬਾਣੀ ਸਾਰ** (ਪੰਜਾਬੀ-ਹਿੰਦੀ ਮਾਸਿਕ ਪੱਤ੍ਰਿਕਾ)

**ਗੁਰਬਾਣੀ ਸਟੱਡੀ ਸਰਕਲ**

J - 74, M.I.G. Colony, Indore 452 008 (MP)



Sri Satguru Jagjit Singh Ji Elibrary NamdhariElibrary@gmail.com

# ਮੁਦਾਵਣੀ ਅਥਵਾ ਮੁੰਦਾਵਣੀ

ਪ੍ਰੋ. ਨਰਿੰਦਰ ਸਿੰਘ : 956, 3-ਬੀ2, ਮੁਹਾਲੀ

ਅੱਜਕਲ੍ਹ ਪੰਥ ਵਿਚ 'ਮੁੰਦਾਵਣੀ' ਅੱਖਰ ਦੀ ਬਹੁਤ ਚਰਚਾ ਹੋ ਰਹੀ ਹੈ। ਮੈਂ ਜੋ ਕੁਝ ਸਮਝਿਆ ਹੈ ਉਹ ਸਾਂਝਾ ਕਰਦਾ ਹਾਂ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਦਾਵਣੀ ਜਾਂ ਮੁੰਦਾਵਣੀ ਅੱਖਰ ਤਿੰਨ ਵਾਰੀ ਹੀ ਆਇਆ ਹੈ।

ਮੁਦਾਵਣੀ ਅੱਖਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਭਾਗ (text) ਵਿਚ ਕੇਵਲ ਦੋ ਵਾਰੀ ਆਇਆ ਹੈ ਅਤੇ ਕੇਵਲ ਇਕ ਵਾਰੀ ਇਕ ਸ਼ਬਦ ਦੇ ਸਿਰਲੇਖ ਉਪਰ 'ਮੁੰਦਾਵਣੀ' ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਪਾਠ-ਭਾਗ (text) ਵਿਚ ਮੁਦਾਵਣੀ ਅੱਖਰ ਸੋਰਠਿ ਰਾਗ ਦੀ ਵਾਰ 8ਵੀਂ ਪਉੜੀ ਦੇ ਪਹਿਲੇ ਸਲੋਕ ਮਹਲਾ ੩ ਵਿਚ ਲਿਖਿਆ ਮਿਲਦਾ ਹੈ। ਇਸ ਸਲੋਕ ਦਾ ਪੂਰਾ ਪਾਠ ਇਜ ਹੈ:

*ਸਲੋਕ ਮਹਲਾ ੩ :*
*ਥਾਲੈ ਵਿਚਿ ਤੈ ਵਸਤੂ ਪਈਓ*
*ਹਰ ਭੋਜਨ ਅੰਮ੍ਰਿਤ ਸਾਰ॥*
*ਜਿਤੁ ਖਾਧੈ ਮਨੁ ਤ੍ਰਿਪਤੀਐ*
*ਪਾਈਐ ਮੋਖ ਦੁਆਰ॥*
*ਇਹ ਭੋਜਨ ਅਲਭ ਹੈ ਸੰਤਹੁ*
*ਲਭੈ ਗੁਰ ਵੀਚਾਰਿ॥*
*ਇਹ ਮੁਦਾਵਣੀ ਕਿਉ ਵਿਚਹੁ ਕਢੀਐ*
*ਸਦਾ ਰਖੀਐ ਉਰਿ ਧਾਰਿ॥*
*ਇਹ ਮੁਦਾਵਣੀ ਸਤਿਗੁਰੂ ਪਾਈ*
*ਗੁਰਸਿਖਾਂ ਲਧੀ ਭਾਲਿ॥*
*ਨਾਨਕ ਜਿਸੁ ਬੁਝਾਏ ਸੁ ਬੁਝਸੀ*
*ਹਰਿ ਪਾਇਆ ਗੁਰਮੁਖ ਘਾਲਿ॥੧॥ (੬੪੫)*

ਇਸ ਸ਼ਬਦ ਤੋਂ ਸਿਧ ਹੁੰਦਾ ਹੈ ਕਿ ਮੁਦਾਵਣੀ ਦੇ ਅਰਥ ਬੁਝਾਰਤ (riddle) ਹਨ। ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਇਕ ਬੁਝਾਰਤ ਪਾਈ ਹੈ। ਮੁਲਤਾਣੀ ਅਥਵਾ ਦੱਖਣੀ ਪੰਜਾਬ ਦੇ ਇਲਾਕਿਆਂ ਵਿਚ ਬੁਝਾਰਤ ਨੂੰ ਮੁਦਾਵਣੀ ਆਖਦੇ ਹਨ। ਜਿਵੇਂ ਵਿਆਹ ਵਾਲੀਆਂ ਬਰਾਤਾਂ ਨੂੰ ਥਾਲੀਆਂ ਵਿਚ ਭੋਜਨ ਪਰੋਸ ਕੇ ਦਿੱਤਾ ਜਾਂਦਾ ਸੀ ਤਾਂ, ਮਖੌਲ ਨਾਲ ਲੜਕੀ ਦੇ ਘਰ ਦੀਆਂ ਕੁਝ ਕੁੜੀਆਂ, ਬਰਾਤ ਨੂੰ ਕੋਈ ਨਾ ਕੋਈ ਬੁਝਾਰਤ ਅਥਵਾ ਮੁਦਾਵਣੀ ਆ ਪਾਉਂਦੀਆਂ ਸਨ। ਉਹ ਬਰਾਤੀਆਂ ਨੂੰ ਉਤਨੀ ਦੇਰ ਭੋਜਨ ਨਹੀਂ ਸੀ ਖਾਣ ਦਿੰਦੀਆਂ ਜਿਤਨਾ ਚਿਰ ਬਰਾਤੀ ਕੁੜੀਆਂ ਦੀ ਮੁਦਾਵਣੀ (ਬੁਝਾਰਤ) ਦਾ ਠੀਕ ਉਤਰ ਨਾ ਦੇ ਸਕਣ ਜਾਂ ਨਾ ਬੁਝ ਲੈਣ।

ਸਰੀਰ ਰੂਪੀ ਥਾਲ ਵਿਚ ਤਿੰਨ ਵਸਤੂਆਂ ਪਈਆਂ ਹਨ, ਜੋ ਪਰਮੇਸ਼ਰ ਦਾ ਅੰਮ੍ਰਿਤ ਰੂਪੀ ਭੋਜਨ ਹਨ। ਇਸ ਭੋਜਨ ਨੂੰ ਗ੍ਰਹਿਣ ਕਰਨ ਨਾਲ ਮਨ ਵਿਚ ਸੰਤੋਖ ਉਪਜਦਾ ਹੈ ਤੇ ਮੁਕਤੀ ਦੇ ਦਵਾਰੇ 'ਤੇ ਪੁੱਜ ਜਾਈਦਾ ਹੈ। ਹੇ ਸੰਤੋ, ਇਹ ਭੋਜਨ ਦੁਰਲਭ ਹੈ ਜੋ ਗੁਰੂ ਦੇ ਸ਼ਬਦ ਦੀ ਵੀਚਾਰ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਬੁਝਾਰਤ ਕਿਵੇਂ ਬੁਝੀਏ? ਤੇ ਹਮੇਸ਼ਾ ਮਨ ਵਿਚ ਧਾਰਨ ਕਰਕੇ ਰੱਖੀਏ। ਇਹ ਮੁਦਾਵਣੀ ਅਥਵਾ ਬੁਝਾਰਤ ਸਤਿਗੁਰਾਂ ਨੇ ਪਾਈ ਹੈ ਅਤੇ ਗੁਰਸਿਖਾਂ ਨੇ ਘਾਲ ਕਮਾਈ ਕਰਕੇ ਬੁਝ ਲਈ ਹੈ ਕਿ ਜਿਹਨਾਂ ਗੁਰਸਿਖਾਂ ਉਤੇ ਪਰਮੇਸ਼ਰ ਦੀ ਬਖਸ਼ਸ਼ ਹੁੰਦੀ ਹੈ ਉਹੀ ਬੁਝਦੇ ਹਨ ਅਤੇ ਹਰੀ ਦੀ ਪ੍ਰਾਪਤੀ ਕਰਦੇ ਹਨ।

ਇਸ ਮੁਦਾਵਣੀ ਦਾ ਉਤਰ ਕੀ ਹੈ? ਇਸ ਦਾ ਉਤਰ ਵਿਸਥਾਰ ਸਹਿਤ, ਇਕ ਵੱਖਰੇ ਸੁਪ੍ਰਸਿੱਧ ਸ਼ਬਦ ਵਿਚ ਪੰਨਾ 1429/1430 'ਤੇ ਦਿੱਤਾ ਹੋਇਆ ਹੈ। ਸ਼ਬਦ ਦਾ ਸਿਰਲੇਖ ਵੀ ਮੁੰਦਾਵਣੀ ਕਰਕੇ ਲਿਖਿਆ ਹੈ। ਸੰਪੂਰਨ ਸ਼ਬਦ ਇਜ ਹੈ।

*ਮੁੰਦਾਵਣੀ ਮਹਲਾ ੫॥*
*ਥਾਲ ਵਿਚਿ ਤਿੰਨਿ ਵਸਤੂ ਪਈਓ*
*ਸਤੁ ਸੰਤੋਖੁ ਵੀਚਾਰੋ॥*
*ਅੰਮ੍ਰਿਤ ਨਾਮ ਠਾਕੁਰ ਕਾ ਪਇਓ*
*ਜਿਸ ਕਾ ਸਭਸੁ ਅਧਾਰੋ॥*
*ਜੇ ਕੋ ਖਾਵੈ ਜੋ ਕੋ ਭੁੰਚੈ*
*ਤਿਸ ਕਾ ਹੋਇ ਉਧਾਰੋ॥*
*ਇਹ ਵਸਤ ਤਜੀ ਨਹ ਜਾਈ*
*ਨਿਤ ਨਿਤ ਰਖੁ ਉਰਿ ਧਾਰੋ॥*
*ਤਮ ਸੰਸਾਰੁ ਚਰਨ ਲਗਿ ਤਰੀਐ*
*ਸਭੁ ਨਾਨਕ ਬ੍ਰਹਮ ਪਸਾਰੋ॥੧॥*



Sri Satguru Jagjit Singh Ji Elibrary NamdhariElibrary@gmail.com

*ਅਰਥਾਤ* : ਸਰੀਰ ਵਿਚ ਤਿੰਨ ਵਸਤੂਆਂ ਰਖੀਆਂ '। ਇਹ ਹਨ ਸਚ ਬੋਲਨਾ ਤੇ ਸਬਰ ਸੰਤੋਖ ਵਿਚ ਦੇ ਹੋਏ ਵੀਚਾਰ ਕਰਨੀ ਅਥਵਾ ਸਮਝ ਰਖਣੀ ਕਿ ਨ ਦੇ ਥਾਲ ਵਿਚ ਤੀਸਰੀ ਵਸਤੂ ਪਰਮੇਸ਼ਰ ਦਾ ਨਾਮ ਪਾਇਆ ਹੈ ਜਿਸ ਦਾ ਕਿ ਸਭ ਕਿਸੇ ਨੂੰ ਆਧਾਰ ਜਾਂ ਆਸਰਾ ਹੈ। ਜੋ ਕੋਈ ਇਸ ਭੋਜਨ ਨੂੰ ਭੁੰਚਦਾ ਅਥਵਾ ਖਾਂਦਾ ਹੈ ਉਸ ਦਾ ਉਧਾਰ ਹੁੰਦਾ ਹੈ। ਜਿਸ ਇਸ ਨਾਮ ਰੂਪੀ ਭੋਜਨ ਦਾ ਸਵਾਦ ਲਿਆ ਹੈ ਉਸ ਇਹ ਵਸਤੂ ਤਿਆਗੀ ਨਹੀਂ ਜਾਂਦੀ ਉਹ ਨਿਤਾ ੈ ਇਸ ਨੂੰ ਧਾਰੀ ਰੱਖਦਾ ਹੈ। ਉਸ ਗੁਰਸਿਖ ਨੂੰ ਇਸ ਫਲ ਇਹ ਮਿਲਦਾ ਹੈ ਕਿ ਇਸ ਅੰਧਕਾਰ ਤਮਾ ਰੂਪ ਾਰ ਵਿਚ ਉਸ ਨੂੰ ਗੁਰਾਂ ਦੇ ਚਰਨਾਂ ਨਾਲ ਲਗਿਆਂ ਹੁੰਦਿਆਂ ਸਭ ਪਾਸੇ ਪਾਰਬ੍ਰਹਮ ਦਾ ਪਸਾਰਾ ਹੀ ਦਿਸਣ ਲਗ ਪੈਂਦਾ ਹੈ।

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਦਾਵਣੀ/ਮੁੰਦਾਵਣੀ ਅੱਖਰ ਕੇਵਲ ਤਿੰਨ ਵਾਰੀ ਆਇਆ ਹੈ।

ਕਿਸੇ ਗੁਰਮੁਖ ਪਿਆਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀਆਂ ਬਾਣੀਆਂ ਦੀ ਤਰਤੀਬ ਨੂੰ ਕਬਿਤ ਵਿਚ ਛੰਦ ਬੰਦੀ ਕੀਤੀ ਹੈ। ਉਹ ਲਿਖਦੇ ਹਨ-

ਵਾਰਾਂ ਤੋਂ ਵਧੀਕ ਰਹਿ ਗਏ ਜੋ ਸਲੋਕ ਬਾਕੀ,
ਸਥਾਨ ਸ਼ੋਭਿਤ ਕੀਤਾ ਸ਼ਬਦ ਗੁਰੂ ਗੁਰੂ ਰੂਪ ਭਾਇਆ ਹੈ।
ਮੰਦਾਵਣੀ ਜੋ ਗੁਰਾਂ ਵਾਰ ਸੋਰਠ, ਵਿਚ ਪਾਈ,
ਏਥੇ ਆਨ ਖੋਲ੍ਹ ਦਿੱਤੀ,
ਤੇਰਾ ਕੀਤਾ ਜਾਤੋ ਨਾਹੀ ਦਾ ਸ਼ਬਦ ਸਧਾਇਆ ਹੈ।

**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ 141 002

Hot millions®
Salad Bar & Restaurant
Serving Indian, Chinese, Continental & Italian Food
with a regular Indian & Salad Buffet
For Free Home Delivery
(above Rs. 100/-)
CHD 2723333 SALAD BAR 2723222
PKL 2579888 MOH 2264300
SCO 76-79,(First Floor) Sector 17-E, Chandigarh. Tel: 723222, 723111, 704858
PEPSI







Sri Satguru Jagjit Singh Ji Elibrary NamdhariElibrary@gmail.com

# ਪੱਤੀਆਂ ਤੋਂ ਲਾਲੀ ਤੱਕ

ਬਾਵਾ ਬਲਵੰਤ: ਪੁਸਤਕ 'ਰਾਗ ਤੇ ਰੰਗ ਦਾ ਨੂਰ' (ਸੰਪਾਦਕ ਡਾ. ਗੁਰਮੁਖ ਸਿੰਘ) 'ਚੋਂ ਧੰਨਵਾਦ ਸਹਿਤ

'ਰੰਗ ਲਾਤੀ ਹੈ ਹਿਨਾ'

ਵਿਸ਼ੇਸ਼ ਪੁਰਸ਼ਾਂ ਵਾਂਗ, ਸੰਸਾਰ ਵਿਚ ਕੁਝ ਇਸਤਰੀਆਂ ਵੀ ਆਪਣੀ ਹਿੰਮਤ, ਮਿਹਨਤ, ਸੱਚੀ ਤੇ ਪੱਕੀ ਲਗਨ ਦੁਆਰਾ ਦੁਨੀਆਂ ਨੂੰ ਹੈਰਾਨ ਕਰਨ ਵਾਲੇ ਕਾਰਨਾਮੇਂ ਕਰ ਜਾਂਦੀਆਂ ਹਨ।

ਮੁਸੀਬਤਾਂ ਉਨ੍ਹਾਂ ਦੇ ਰਾਹ ਰੋਕਦੀਆਂ ਹਨ। ਕੱਚੇ ਕੰਚਨ ਤੋਂ ਕੁੰਦਨ ਹੋਣ ਲਈ, ਮਜ਼ਬੂਰੀਆਂ ਤੇ ਤੰਗੀਆਂ ਦੀ ਭੱਠੀ ਵਿਚ ਉਨ੍ਹਾਂ ਨੂੰ ਗਲਣਾ ਪੈਂਦਾ ਹੈ। ਇਸ ਤਰ੍ਹਾਂ ਦੀਆਂ ਹਸਤੀਆਂ ਪਿਸਦੀਆਂ ਹਨ, ਪਰ ਮਹਿੰਦੀ ਪੱਤੀਆਂ ਵਾਂਗ ਆਖ਼ਰ, ਮਾਨਵਤਾ ਅਤੇ ਸਭਿਅਤਾ ਨੂੰ ਲਾਲੀ ਚਾੜ੍ਹ ਜਾਂਦੀਆਂ ਹਨ। ਇਕ ਦਿਨ ਐਸਾ ਆਉਂਦਾ ਹੈ ਕਿ ਇਹ ਜ਼ੱਰੇ, ਆਪਣੀ ਕਰਮ ਸ਼ਕਤੀ ਦੁਆਰਾ ਤਾਰਿਆਂ ਵਾਂਗ ਸਦਾ ਲਈ ਚਮਕਣ ਲੱਗ ਪੈਂਦੇ ਹਨ।

ਨਵੇਂ ਸੰਸਾਰ ਵਿਚ ਜਿੱਥੇ ਕਿ 'ਮੈਡਮ ਕਿਊਰੀ' ਆਪਣੀਆਂ ਵਿਗਿਆਨਕ ਕਾਢਾਂ ਦੁਆਰਾ ਅਮਰ ਹੋਈ ਹੈ ਉਥੇ 'ਆਇਸਾ ਡੋਰਾਡੰਕਨ' ਆਪਣੇ ਨਵੇਂ-ਨਵੇਂ ਨਾਚਾਂ ਰਾਹੀਂ ਅਮਰ ਪਦ ਪ੍ਰਾਪਤ ਕਰ ਚੁੱਕੀ ਹੈ। ਸ੍ਰੀਮਤੀ 'ਅੰਮ੍ਰਿਤਾ ਸ਼ੇਰ ਗਿੱਲ' ਆਪਣੇ ਚਿੱਤਰਾਂ ਤੇ 'ਮਹਾਂਦੇਵੀ ਵਰਮਾ' ਆਪਣੇ ਗੀਤਾਂ ਸਦਕਾ ਸਦਾ ਮਾਨਵਤਾ ਅਤੇ ਸੰਸਕ੍ਰਿਤੀ ਦਾ ਸਿਰ ਉੱਚਾ ਕਰਦੀਆਂ ਰਹਿਣਗੀਆਂ। ਇਸੇ ਤਰ੍ਹਾਂ ਦੀਆਂ ਮਹਾਨ ਇਸਤਰੀਆਂ ਵਿਚ ਸ੍ਰੀਮਤੀ 'ਏਲਨ ਜਾਇਸਾ' ਦਾ ਨਾਂ ਲਿਆ ਜਾ ਸਕਦਾ ਹੈ, ਜੋ ਸੰਗੀਤ ਦੇ ਮਹਾਂ ਮੰਡਲਾਂ ਵਿਚ ਹਮੇਸ਼ਾਂ ਪ੍ਰਕਾਸ਼ਮਾਨ ਰਹੇਗੀ।

ਉਸ ਦਾ ਪਿਤਾ ਸੋਨਾ ਲੱਭਣ ਦੇ ਲਾਲਚ ਵਿਚ ਸਭ ਕੁਝ ਗਵਾ ਬੈਠਾ। ਇਕੱਤਰ ਕੀਤੀ ਸਾਰੀ ਪੂੰਜੀ ਬਰਬਾਦ ਹੋ ਗਈ। ਹੁਣ ਸਾਰਾ ਖ਼ਾਨਦਾਨ ਇਕ ਤੰਬੂ ਵਿਚ ਰਹਿ ਰਿਹਾ ਸੀ ਤੇ ਹਰ ਪਾਸਿਓਂ ਗਰੀਬੀ ਨਾਲ ਘਿਰਿਆ ਹੋਇਆ ਸੀ। ਦਰਿਦ੍ਰਤਾ ਦੇ ਇਸ ਨਰਕ ਵਿਚ ਇਕ ਕਮਜ਼ੋਰ ਬੱਚੀ 'ਏਲਨ ਜਾਇਜ' ਦਾ ਜਨਮ ਹੋਇਆ। ਬੱਚੀ ਦਾ ਬਾਲਪਨ ਅਤਿ ਗਰੀਬੀ ਵਿਚ ਬਤੀਤ ਹੋਇਆ। ਕਦੀ ਕਦੀ ਰੋਟੀ ਤੇ ਦੁੱਧ ਲਈ ਲੋਕਾਂ ਦੇ ਦਿੱਤੇ ਉਪਹਾਰ ਖਿਡਾਉਣੇ ਆਦਿ ਵੀ ਵੇਚਣੇ ਪੈਂਦੇ। ਲਗਭਗ ਅੱਠ ਸਾਲ ਦੀ ਉਮਰ ਤੱਕ ਬੱਚੀ ਦੇ ਪੈਰਾਂ ਨੂੰ ਜੁੱਤੀ ਵੀ ਨਸੀਬ ਨਾ ਹੋਈ। ਆਸਟ੍ਰੇਲੀਆ ਦੇ 'ਤਸਮਿਆਨਾ' ਪ੍ਰਦੇਸ਼ ਦੇ ਜੀਹਾਨ ਖੇਤਰ ਵਿਚ ਏਨੇ ਆਦਮੀ ਨਹੀਂ ਸਨ ਜਿੰਨੇ ਕਿ ਸੱਪ ਫਿਰਦੇ ਤੁਰਦੇ ਨਜ਼ਰ ਆਉਂਦੇ ਸਨ। ਨੀਰਸ ਤੇ ਖੁਸ਼ਕ ਵਾਤਾਵਰਨ, ਕਾਨਾਂ ਵਿਚ ਕੰਮ ਕਰਨ ਵਾਲਿਆਂ ਦੀਆਂ ਗੰਦੀਆਂ ਬਸਤੀਆਂ, ਇਥੇ ਸੰਗੀਤ ਦੀ ਰਸਧਾਰਾ ਸ਼ਰਾਬ ਖਾਨਿਆਂ ਤੇ ਕਾਹਵਾਖਾਨਿਆਂ ਵਿਚ ਹੀ ਵਗਿਆ ਕਰਦੀ ਸੀ। ਜੀਵਨ ਵਿਚ ਸ਼ਾਇਦ ਹੀ ਇਸ ਤਰ੍ਹਾਂ ਦੀ ਗਰੀਬੀ ਕਿਸੇ ਹੋਰ ਥਾਂ ਹੋਵੇ। ਏਲਨ ਪਰਿਵਾਰ ਨੂੰ ਆਪਣੇ ਚਾਚੇ ਦੇ ਹੋਟਲ ਵਿਚੋਂ ਸੁੱਟੀ ਗਈ ਜੂਠ ਨਾਲ ਢਿੱਡ ਭਰਨਾ ਪੈਂਦਾ ਸੀ। ਉਹ ਸਭ ਵਿਚਾਰੇ ਇਸੇ ਖੁਰਾਕ ਤੇ ਜੀਵਨ ਬਤੀਤ ਕਰ ਰਹੇ ਸਨ।

ਏਲਨ ਜਾਇਸ ਨੇ ਜਦ ਆਪਣੇ ਚਾਚੇ ਦੇ ਹੋਟਲ ਵਿਚ ਪਹਿਲੀ ਵਾਰ ਪਿਆਨੋ ਵੇਖਿਆ ਤਾਂ ਉਹ ਹੈਰਾਨ ਰਹਿ ਗਈ। ਸੰਗੀਤ ਦੀ ਮੋਹਿਕ ਆਵਾਜ਼ ਨੇ ਉਸ ਦੇ ਮਨ ਨੂੰ ਮੋਹ ਲਿਆ ਤੇ ਉਸ ਦੀ ਆਤਮਾ ਦੇ ਤਾਰ ਸਦਾ ਲਈ ਮੀਂਡ ਦੀ ਤਰ੍ਹਾਂ ਗੂੰਜਣ ਲਗ ਪਏ ਤੇ ਇਕ ਸਦੀਵੀ ਹਰਕਤ ਸਦਾ ਲਈ ਉਨ੍ਹਾਂ ਤਾਰਾਂ ਵਿਚ ਸਮਾ ਗਈ।

ਗਰੀਬੀ ਦੀ ਉਦਾਸ ਤੇ ਕਾਲੀ ਰਾਤ ਨੇ ਉਸ ਨੂੰ ਚਹੁੰ ਪਾਸਿਆਂ ਤੋਂ ਗਰੱਸਿਆ ਹੋਇਆ ਸੀ। ਦਿਨ ਦਾ ਉਜਾਲਾ ਪਤਾ ਨਹੀਂ ਕਿਨ੍ਹਾਂ ਹਨੇਰਿਆਂ ਵਿਚ ਅਲੋਪ ਸੀ। ਉਹ ਅਤਿ ਕਾਲੇ ਭਵਿਖਤ ਤੋਂ ਬਿਨਾਂ ਹੋਰ ਕੋਈ ਵੀ ਕਲਪਨਾ ਨਹੀਂ ਕਰ ਸਕਦੀ ਸੀ। ਉਸ ਨੂੰ ਕਦੇ ਸੁਪਨਾ ਵੀ ਨਹੀਂ ਆਇਆ ਹੋਵੇਗਾ ਕਿ ਇਕ ਦਿਨ ਉਹ ਸੰਸਾਰ ਪ੍ਰਸਿੱਧ ਪਿਆਨੋ-ਵਾਦਨ ਬਣ ਕੇ ਸ਼ੋਭਾ ਖੱਟੇਗੀ ਤੇ ਦੌਲਤ ਉਸ ਦੇ ਪੈਰ ਚੁੰਮਿਆਂ ਕਰੇਗੀ।

ਉਸ ਦੇ ਦਿਲ ਵਿਚ ਪਿਆਨੋ ਲੈਣ ਦੀ ਉਮੰਗ ਜਾਗ ਉੱਠੀ, ਪਰ ਮਜਬੂਰੀਆਂ ਦੀ ਖਾਈ ਉਸ ਵਿਚ ਹਾਇਲ ਸੀ। ਆਖ਼ਰ ਉਸ ਨੇ ਆਪਣੇ ਸ਼ੌਕ ਨੂੰ ਪੂਰਾ ਕਰਨ ਲਈ ਇਕ ਦੂਸਰਾ ਹੀ ਰਸਤਾ ਲੱਭਾ। ਉਸਨੇ ਇਕ ਰੁਪਏ, ਦੋ ਰੁਪਏ ਵਾਲਾ ਵਾਜਾ ਖਰੀਦ ਲਿਆ ਤੇ ਹੌਲੀ-ਹੌਲੀ ਵਜਾਉਣਾ ਸਿਖਦੀ ਰਹੀ। ਸੰਗੀਤ ਦੀਆਂ ਕੁਝ ਤਰਜ਼ਾਂ ਉਸਨੇ ਪਕਾਈਆਂ ਤੇ ਮਜ਼ਦੂਰ ਬਸਤੀਆਂ ਵਿਚ ਜਾ ਕੇ ਉਹ ਥੱਕੇ ਹਾਰੇ ਮਿਹਨਤੀਆਂ ਦਾ ਮਨੋਰੰਜਨ ਕਰਨ ਲਗ ਪਈ। ਉਹ



Sri Satguru Jagjit Singh Ji Elibrary NamdhariElibrary@gmail.com

ਹੋਟਲਾਂ ਤੇ ਕਾਹਵਾ-ਖ਼ਾਨਿਆਂ ਤੋਂ ਬਾਹਰ ਹੀ ਆਪਣੇ ਸੰਗੀਤ ਨਾਲ ਇਕ ਬਹਾਰ ਦਾ ਸਮਾਂ ਬੰਨ੍ਹਣ ਲਗ ਪਈ ਤੇ ਕੋਝੇ ਵਾਤਾਵਰਨ ਨੂੰ ਸੰਗੀਤਮਈ ਬਣਾਉਣ ਲਗ ਪਈ।

ਇਸ ਤਰ੍ਹਾਂ ਉਸਨੂੰ ਕੁਝ ਪੈਸੇ ਮਿਲਣ ਲਗ ਪਏ। ਇਕ ਦਿਨ ਅਜਿਹਾ ਆਇਆ ਕਿ ਉਹ ਪਿਆਨੋ-ਸੰਗੀਤਸ਼ਾਲਾ ਵਿਚ ਦਾਖਲ ਹੋ ਗਈ ਤੇ ਫੀਸ ਦੇ ਪੈਸੇ ਉਹ ਸੜਕਾਂ ਤੇ ਸੰਗੀਤ ਵਰਸ਼ਾ ਕਰ ਕੇ ਇਕੱਠਿਆਂ ਕਰਦੀ ਰਹੀ।

ਪਿਆਰੀ ਪੁੱਤਰੀ ਦੀ ਇਹ ਡੁੱਲ੍ਹ-ਡੁੱਲ੍ਹ ਪੈਂਦੀ ਲਾਲਸਾ ਵੇਖ ਕੇ ਪਿਤਾ ਦਾ ਦਿਲ ਭਰ ਆਇਆ। ਉਸਨੇ ਏਧਰ ਉਧਰ ਹੱਥ ਪੈਰ ਮਾਰੇ ਤੇ ਮੁਸ਼ਕਲ ਨਾਲ ਇਕ ਪੌਂਡ ਇਕੱਠਾ ਕੀਤਾ। ਆਖ਼ਰ ਉਸਦੇ ਜਨਮ ਦਿਨ ਤੇ ਚਾਚੇ ਦੇ ਹੋਟਲ ਵਾਲਾ ਪੁਰਾਣਾ ਪਿਆਨੋ ਉਸ ਨੂੰ ਲੈ ਦਿੱਤਾ। ਟੁੱਟੇ ਭੱਜੇ ਇਸ ਪਿਆਨੋ ਨੂੰ ਲੈ ਕੇ ਉਹ ਏਨਾ ਖ਼ੁਸ਼ ਹੋਈ ਕਿ ਜਿਵੇਂ ਉਸਨੂੰ ਸਾਰੀ ਦੁਨੀਆਂ ਦੀ ਦੌਲਤ ਮਿਲ ਗਈ ਹੋਵੇ। ਹੁਣ ਉਹ ਬੜੀ ਲਗਨ ਨਾਲ ਪਿਆਨੋ ਸਿੱਖਣ ਲਗੀ ਤੇ ਰਾਤ ਨੂੰ ਉਹ ਕਈ ਘੰਟੇ ਅਭਿਆਸ ਕਰਦੀ ਰਹਿੰਦੀ। ਬਸ ਇਸ ਦਿਨ ਤੋਂ ਜਾਇਸ ਦਾ ਜੀਵਨ, ਸੰਗੀਤ ਸਾਧਨਾ ਲਈ ਹੀ ਅਰਪਨ ਹੋ ਗਿਆ-

ਕਿਸ ਤਰ੍ਹਾਂ ਪੂਰਨ ਹੁਨਰ ਦਰਸ਼ਨ ਦਏ,
ਜ਼ਿੰਦਗਾਨੀ ਉਸ ਦੇ ਜੇ ਅਰਪਨ ਨਹੀਂ।"

ਕਾਨਵੈਂਟ ਵਿਚ ਪ੍ਰਵੇਸ਼ ਕਰਕੇ ਉਹ ਸੰਗੀਤ ਦੀ ਪ੍ਰਾਰੰਭਿਕ ਪਰੀਖਿਆ ਦੀ ਤਿਆਰੀ ਕਰਨ ਲੱਗ ਪਈ। ਉਸਨੇ ਸ਼ੁਰੂ ਦੀ ਸਿੱਖਿਆ ਛੇਤੀ ਹੀ ਸਮਾਪਤ ਕਰ ਲਈ ਅਤੇ ਉਸ ਵਿਚੋਂ ਚੰਗੀ ਕਾਮਯਾਬੀ ਨਾਲ ਪਾਸ ਹੋਈ। ਇਸ ਤੋਂ ਬਾਅਦ ਉਹ ਉੱਚੀ ਪ੍ਰੀਖਿਆ ਲਈ ਰਾਤ ਦਿਨ ਤਿਆਰੀ ਕਰਨ ਲੱਗ ਪਈ। ਛੋਟੀ ਉਮਰ ਵਿਚ ਹੀ ਉਸਨੇ 'ਇੰਟਰਮੀਡਿਅਟ' ਸਫਲਤਾ ਨਾਲ ਪਾਸ ਕੀਤੀ। ਉਸ ਦੀ ਇਹ ਕਾਮਯਾਬੀ ਦੇਖਕੇ ਸਾਰੇ ਦੰਗ ਰਹਿ ਗਏ।

ਜਾਇਸ ਦੀ ਇਸ ਪ੍ਰਤਿਭਾ ਨੇ ਕਾਨਕੁਨਾਂ ਦਾ ਮਨ ਹਰ ਲਿਆ। ਹੁਣ ਉਹ ਉਸ ਦੀ ਸੰਗੀਤ ਸਿੱਖਿਆ ਵਿਚ ਰੁਚੀ ਲੈਣ ਲੱਗੇ ਤੇ ਯਥਾ ਯੋਗ ਉਸ ਦੀ ਆਰਥਿਕ ਇਮਦਾਦ ਵੀ ਕਰਨ ਲੱਗੇ। ਲੋਰੇਟੋ ਸਕੂਲ ਵਿਚ ਉਹ ਦੋ ਸਾਲ ਸਿੱਖਿਆ ਪ੍ਰਾਪਤ ਕਰਦੀ ਰਹੀ। ਇਨ੍ਹਾਂ ਦਿਨਾਂ ਵਿਚ ਵਿਚ ਹੀ 'ਪਰਸੀਗਰੇਂਜਰ' ਨੇ ਉਸ ਨੂੰ ਸੁਣਿਆ ਉਹ ਏਲਨ ਜਾਇਸ ਦੇ ਸੰਗੀਤ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ ਤੇ ਏਨਾ ਖ਼ੁਸ਼ ਹੋਇਆ ਜਿਵੇਂ ਉਸਨੂੰ ਖਾਕ 'ਚੋਂ ਲਾਲ ਲੱਭ ਪਿਆ ਹੋਵੇ। ਆਪਣੇ ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਉਸ ਨੇ ਸਮਾਚਾਰ ਪੱਤਰਾਂ ਵਿਚ ਆਪਣਾ ਇਕ ਬਿਆਨ ਦਿੱਤਾ ਕਿ ਏਨੀ ਛੋਟੀ ਉਮਰ ਦੀ, ਏਨੀ ਵੱਡੀ ਕਲਾਕਾਰ ਉਸਨੇ ਅਜੇ ਤੱਕ ਨਹੀਂ ਵੇਖੀ ਸੀ। ਉਸ ਨੇ ਇਹ ਸੁਝਾਅ ਦਿੱਤਾ ਕਿ ਏਲਨ ਨੂੰ ਸੰਗੀਤ ਦੀ ਹੋਰ ਉੱਚੀ ਸਿੱਖਿਆ ਲਈ ਅਮਰੀਕਾ ਜਾਣਾ ਚਾਹੀਦਾ ਹੈ।

ਹੁਣ ਮਜ਼ਦੂਰਾਂ ਦੀ ਇਹ 'ਕੋਇਲ' ਉਨ੍ਹਾਂ ਲਈ ਇਕ ਮਾਣ ਦੀ ਵਸਤੂ ਬਣ ਗਈ। ਸ਼ਾਇਦ ਉਸਦੇ ਚੰਗੇ ਦਿਨ ਸਨ ਤੇ ਕੁਦਰਤ ਵੀ ਉਸਦਾ ਸਾਥ ਦੇ ਰਹੀ ਸੀ। ਜਰਮਨੀ ਦੇ ਸੰਸਾਰ ਪ੍ਰਸਿੱਧ ਪਿਆਨੋ ਮਾਸਟਰ 'ਵਿਲਹੇਮ ਬਾਨਸ' ਨੇ ਉਸ ਨੂੰ ਪਿਆਨੋ ਤੇ ਗਾਉਂਦਿਆਂ ਸੁਣਿਆ ਤੇ ਉਸਨੂੰ ਸੰਗੀਤ ਸਿੱਖਿਆ ਲਈ ਲਿਪਜਿਗ ਭੇਜਣ ਦਾ ਸੁਝਾਅ ਦਿੱਤਾ। ਇਹ ਖ਼ਿਆਲ ਤਾਂ ਠੀਕ ਸੀ, ਪਰ ਗਰੀਬ ਜਾਇਸ ਪਰਿਵਾਰ ਕੋਲ ਏਨਾ ਪੈਸਾ ਕਿਥੇ ਸੀ ਕਿ ਉਹ ਖ਼ਰਚ ਕਰ ਸਕਦੇ। ਆਖ਼ਰ ਕਦਰਦਾਨ ਮਜ਼ਦੂਰ ਅੱਗੇ ਆਏ। ਉਨ੍ਹਾਂ 'ਏਲਨ ਫੰਡ' ਨਾਂ ਤੇ ਰਕਮ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਉਦਾਰ ਚਿੱਤ ਕਿਰਤੀ ਆਪਣੀ ਤਨਖ਼ਾਹ ਵਿਚੋਂ ਕੁਝ ਰਕਮ ਫੰਡ ਲਈ ਦੇਣ ਲੱਗ ਪਏ। ਹੋਰ ਬਸਤੀਆਂ ਵਿਚ ਵੀ ਰਕਮ ਇਕੱਠੀ ਹੋਣ ਲੱਗ ਪਈ। ਸਭ ਥਾਂਈ ਇਹੋ ਜਿਹਾ ਕਿਹਾ ਜਾਂਦਾ ਕਿ ਏਲਨ ਨੂੰ ਲਿਪਜਿਗ ਜ਼ਰੂਰ ਭੇਜਿਆ ਜਾਵੇਗਾ। ਮਜ਼ਦੂਰ ਤਾਂ ਉਸ ਦੀ ਮਦਦ ਕਰ ਰਹੇ ਸਨ, ਪਰ ਹੁਣ ਜੁਆਰੀ ਲੋਕ ਵੀ ਆਪਣੀ ਜਿੱਤ ਦੀ ਰਕਮ ਵਿਚੋਂ 'ਏਲਨ ਫੰਡ' ਵਿਚ ਮਾਇਆ ਦੇਣ ਲੱਗ ਪਏ। ਇਸ ਤਰ੍ਹਾਂ ਨੌਂ ਸੌ ਪੌਂਡ ਇਕੱਠਾ ਹੋ ਗਿਆ ਤੇ ਏਲਨ ਜਾਇਸ ਨੂੰ ਜਰਮਨੀ ਭੇਜਿਆ ਗਿਆ।

ਲਿਪਜਿਗ ਵਿਚ ਸੰਗੀਤ ਨਾਲ ਇਕ ਜਾਨ ਹੋ ਕੇ, ਏਲਨ ਆਪਣੀ ਅਧੂਰੀ ਸਿੱਖਿਆ ਨੂੰ ਪੂਰੀ ਕਰਨ ਲੱਗੀ, ਪਰ ਹੌਲੀ-ਹੌਲੀ ਇਕੱਠੀ ਕੀਤੀ ਹੋਈ ਮਾਇਆ ਮੁੱਕਣ ਲੱਗ ਪਈ ਅਜੇ ਬਹੁਤ ਕੁਝ ਸਿੱਖਣਾ ਬਾਕੀ ਸੀ। ਪਰ ਨਿਰਾਸ਼ ਏਲਨ ਕੋਲ ਘਰ ਵਾਪਸ ਆਉਣ ਲਈ ਕਿਰਾਇਆ ਹੀ ਬਾਕੀ ਰਹਿ ਗਿਆ ਸੀ।

ਏਲਨ ਸੋਚ ਵਿਚਾਰ ਵਿਚ ਡੁੱਬੀ ਬੜੇ ਜੱਕੋ ਤੱਕਿਆਂ ਵਿਚ ਸੀ ਕਿ ਕੀ ਕੀਤਾ ਜਾਵੇ ਪਰ ਇਸ ਔਖੇ ਵੇਲੇ ਵੀ ਮੂਕ ਪੁਕਾਰ ਸੁਣੀ ਗਈ ਜਿਵੇਂ ਅਚਾਨਕ ਹੀ ਕੋਈ ਖ਼ਜ਼ਾਨਾ ਮਿਲ ਜਾਵੇ। ਏਲਨ ਨੂੰ ਇਸ ਮੁਸੀਬਤ ਦੇ ਵੇਲੇ ਸ੍ਰੀਮਤੀ 'ਲੇਸਨੀਏਂਡਰੇ' ਤੇ ਉਸ ਦਾ ਪਤੀ ਮਿਲ ਗਏ। ਜਾਇਸ ਨੂੰ ਉਨ੍ਹਾਂ ਆਪਣੀ ਪੁੱਤਰੀ ਦੀ ਤਰ੍ਹਾਂ ਸਮਝਿਆ ਤੇ ਖੁੱਲ੍ਹੇ ਦਿਲ ਨਾਲ ਉਸ ਦੀ ਸਹਾਇਤਾ ਕਰਨ ਲੱਗ ਪਏ। ਨਾਲ ਹੀ ਉਨ੍ਹਾਂ ਦੇ ਇਕ ਪ੍ਰਸਿੱਧ ਸੰਗੀਤਕਾਰ 'ਟੇਕਸੁਲਰ' ਨਾਲ ਹੀ ਉਸਦੀ ਜਾਣ ਪਹਿਚਾਣ ਕਰਵਾ



Sri Satguru Jagjit Singh Ji Elibrary NamdhariElibrary@gmail.com

ਦਿੱਤੀ ਤੇ ਉਸਨੇ ਸੰਗੀਤ ਸਿਖਾਉਣ ਦਾ ਭਾਰ ਆਪਣੇ ਸਿਰ ਤੇ ਚੁੱਕ ਲਿਆ। ਉਸ ਬਜ਼ੁਰਗ ਸੰਗੀਤਕਾਰ ਨੇ ਬੜੇ ਹੀ ਪਿਆਰ ਤੇ ਮਿਹਨਤ ਨਾਲ ਉਸ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਉਨ੍ਹਾਂ ਇਹ ਵੀ ਸਿਖਾਇਆ ਕਿ ਕਿਸ-ਕਿਸ ਤਰ੍ਹਾਂ ਦੇ ਸਾਜ਼ਾਂ ਦੇ ਨਾਲ ਕਰੁਣਾ ਸੰਵੇਦਨਾਂ ਤੇ ਅਨੰਦ ਭਰੀਆਂ ਰਾਗਨੀਆਂ ਉਦਵੇਲਿਤ ਅਤੇ ਪ੍ਰਕਾਸ਼ਮਾਨ ਕੀਤੀਆਂ ਜਾ ਸਕਦੀਆਂ ਹਨ ਅਤੇ ਕਿਸ ਤਰ੍ਹਾਂ ਸੰਗੀਤ ਨੂੰ ਪੁਰ ਅਸਰ ਬਣਾਇਆ ਜਾ ਸਕਦਾ ਹੈ। ਇਹ ਸਭ ਗੁਰੂਦੇਵ ਨੇ ਉਸ ਨੂੰ ਪੂਰੀ ਤਰ੍ਹਾਂ ਸਿਖਾ ਦਿੱਤੇ। ਉਹ ਸਮਝਦੀ ਰਹੀ ਕਿ ਉਸ ਦੇ ਸਰਪ੍ਰਸੱਤ ਗੁਰੂ ਨੂੰ ਕਾਫੀ ਫੀਸ ਦਿੰਦੇ ਰਹੇ ਹਨ ਪਰ ਜਦ ਉਹ ਸਫਲ ਕਲਾਕਾਰ ਬਣ ਗਈ ਤਾਂ ਕਈਆਂ ਸਾਲਾਂ ਬਾਅਦ ਪਤਾ ਲੱਗਾ ਕਿ ਗੁਰੂਦੇਵ ਨੇ ਉਸ ਨੂੰ ਸਿਖਾਉਣ ਦੀ ਫੀਸ ਨਹੀਂ ਲਈ। ਉਹ ਇਹ ਜਾਣ ਕੇ ਬਹੁਤ ਹੀ ਪ੍ਰਸੰਨ ਹੋਈ ਕਿ ਗੁਰੂ ਜੀ ਨੇ ਉਸਦੀ ਪ੍ਰਤਿਭਾ ਦੇਖ ਕੇ ਆਪ ਹੀ ਬੜੇ ਸ਼ੌਕ ਨਾਲ ਉਸਨੂੰ ਸਿੱਖਿਆ ਦਿੱਤੀ ਹੈ। ਇਸ ਸਥਿਤੀ ਵਿਚ ਫੀਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਈ ਹੋਰ ਸੱਜਣ ਪੁਰਸ਼ਾਂ ਨੇ ਵੀ ਉਸ ਦੇ ਸੰਗੀਤ ਤੋਂ ਪ੍ਰਭਾਵਿਤ ਹੋ ਕੇ ਏਲਨ ਦੀ ਸਹਾਇਤਾ ਕੀਤੀ। ਕਈ ਆਦਮੀ ਉਸਨੂੰ ਪੱਕੀ ਤੇ ਸੱਚੀ ਲਗਨ ਸਦਕਾ ਸਹਾਇਤਾ ਦਿੰਦੇ ਰਹੇ। ਏਲਨ ਨੂੰ ਸੰਗੀਤ ਅਨੁਭਵ ਦੇ ਨਾਲ ਇਹ ਵੀ ਅਨੁਭਵ ਹੋਇਆ ਕਿ ਮਾਨਵਤਾ ਕਿਥੇ-ਕਿਥੇ ਲੁਕੀ ਪਈ ਹੈ।

ਏਲਨ ਜਾਇਸ ਸਿੱਖਿਆ ਸਮਾਪਤ ਕਰਕੇ ਸ੍ਰੀਮਤੀ ਲੇਸਨੀਏਂਡਰ ਦੇ ਪਰਿਵਾਰ ਨਾਲ ਲੰਡਨ ਚਲੀ ਗਈ। ਲੰਡਨ ਪਹੁੰਚ ਕੇ ਉਸਨੇ ਵਿਵਹਾਰਕ ਕਲਾ ਖੇਤਰ ਵਿਚ ਪ੍ਰਵੇਸ਼ ਕੀਤਾ। ਹੁਣ ਉਸ ਨੂੰ ਉੱਚੇ ਸਮਾਜ ਵਿਚ ਵੀ ਸੰਗੀਤ ਕਲਾ ਪੇਸ਼ ਕਰਨ ਦਾ ਮੌਕਾ ਮਿਲਿਆ। ਹੌਲੀ-ਹੌਲੀ ਉਸ ਦਾ ਚਰਚਾ ਸਭ ਪਾਸੇ ਹੋਣ ਲੱਗਾ।

ਪਰ ਇਹ ਸਫਲਤਾ ਉਸਨੂੰ ਆਸਾਨੀ ਨਾਲ ਹੀ ਪ੍ਰਾਪਤ ਨਹੀਂ ਹੋ ਗਈ। ਇੰਗਲੈਂਡ ਦੇ ਹਰ ਕਸਬੇ ਤੇ ਸ਼ਹਿਰ ਵਿਚ ਉਸਨੇ ਆਪਣੇ ਪ੍ਰੋਗਰਾਮ ਕੀਤੇ। ਉਸਨੂੰ ਪੈਸੇ ਵੀ ਬਹੁਤ ਘੱਟ ਮਿਲਦੇ ਰਹੇ। ਰਾਤ ਦਿਨ ਦੀ ਯਾਤਰਾ, ਰੱਦੀ ਭੋਜਨ ਤੇ ਸਸਤੇ ਹੋਟਲਾਂ ਦਾ ਵਾਸਾ, ਪਰ ਏਲਨ ਜਾਇਸ ਫੇਰ ਵੀ ਨਿਰਾਸ਼ ਨਾ ਹੋਈ।

ਸੰਨ 1939-45 ਦੇ ਯੁੱਧ ਵਿਚ, ਖੰਡਰ ਤੇ ਜਰਜਰ ਹੋਏ ਇੰਗਲੈਂਡ ਦਾ ਉਸਨੇ ਦੌਰਾ ਕੀਤਾ ਤੇ ਉਸਨੂੰ ਸਭ ਪਾਸਿਆਂ ਤੋਂ ਸਫਲਤਾ ਪ੍ਰਾਪਤ ਹੋਈ। ਹੁਣ ਹਰ ਜਲਸਾ ਉਸ ਦੀ ਪ੍ਰਸੰਸਾ ਤੇ ਤਾੜੀਆਂ ਦੇ ਸ਼ੋਰ ਵਿਚ ਖ਼ਤਮ ਹੁੰਦਾ। ਹੌਲੀ-ਹੌਲੀ ਲੱਛਮੀ ਵੀ ਉਸਦੇ ਪੈਰ ਚੁੰਮਣ ਲੱਗ ਪਈ। ਉਸ ਦੇ ਸੰਗੀਤਕ ਰਿਕਾਰਡਾਂ ਨੇ ਸਾਰੇ ਪਾਸੇ ਧੁੰਮ ਪਾ ਦਿੱਤੀ। ਵਧਦੇ-ਵਧਦੇ ਇਸ ਗਰੀਬ ਸੰਗੀਤ ਸਾਧਿਕਾ ਦੀ ਆਮਦਨੀ ਸਤਾਰਾਂ ਹਜ਼ਾਰ ਪੌਂਡ ਸਾਲਾਨਾ ਹੋ ਗਈ।

ਏਲਨ ਨੂੰ ਜੀਵਨ ਵਿਚ ਬਹੁਤ ਕੁਝ ਗਵਾਉਣਾ ਵੀ ਪਿਆ। ਯੁੱਧ ਵਿਚ ਉਸ ਦੇ ਪਤੀ ਦਾ ਦੇਹਾਂਤ ਹੋ ਗਿਆ, ਪਰ ਉਸ ਨੇ ਹਿੰਮਤ ਨਾ ਹਾਰੀ ਸਗੋਂ ਉਸ ਦੇ ਸੰਗੀਤ ਵਿਚ ਵੇਦਨਾ ਅਤੇ ਕਰੁਣਾ ਜਿਹਾ ਦ੍ਰਵਿਤ ਕਰਨ ਵਾਲਾ ਅਸਰ ਪੈਦਾ ਹੋ ਗਿਆ।

ਚਾਹੇ ਸੰਗੀਤ ਉਸ ਦੇ ਜੀਵਨ ਦਾ ਅੰਗ ਬਣ ਗਿਆ ਸੀ, ਪਰ ਏਲਨ ਆਪਣੇ ਪਰਿਵਾਰਕ ਜੀਵਨ ਦੇ ਕੰਮਾਂ ਵਿਚ ਵੀ ਬੜੀ ਦਿਲਚਸਪੀ ਲੈਂਦੀ ਸੀ। ਅੱਜ ਉਹ ਦੁਨੀਆਂ ਦੇ ਉਚ ਕੋਟੀ ਦੇ ਸੰਗੀਤਕਾਰਾਂ ਵਿਚ ਮੰਨੀ ਜਾਂਦੀ ਹੈ। ਉਸ ਦਾ ਕਹਿਣਾ ਹੈ 'ਮੇਰੇ ਬਾਗ ਵਿਚ ਜਦ ਕੋਇਲ ਬੋਲ ਉਠਦੀ ਹੈ ਤਾਂ ਮੇਰਾ ਮਨ ਬੇਚੈਨ ਹੋ ਜਾਂਦਾ ਹੈ। ਘਰ ਵੱਢਣ ਨੂੰ ਦੌੜਦਾ ਹੈ ਤੇ ਉਸ ਵੇਲੇ ਤਕ ਚੈਨ ਨਹੀਂ ਆਉਂਦਾ ਜਦ ਪਿਆਨੋ ਤੇ ਉਂਗਲੀਆਂ ਨਾਚ ਨਾ ਕਰ ਉਠਣ, ਇਹੋ ਮੇਰੀ ਸਫਲਤਾ ਦਾ ਭੇਦ ਹੈ। ਮੈਂ ਜਦ ਤਕ ਆਪਣੀ ਧੁਨ ਨੂੰ ਪੂਰਨ ਨਹੀਂ ਕਰ ਲੈਂਦੀ ਉਸ ਵੇਲੇ ਤਕ ਬੇਚੈਨ ਤੇ ਤੜਪਦੀ ਰਹਿੰਦੀ ਹਾਂ।

**'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ**

'ਅੰਮ੍ਰਿਤ ਕੀਰਤਨ' ਦੇ ਕੁਝ ਪੁਰਾਣੇ ਅੰਕ ਮੌਜੂਦ ਹਨ।

ਪਾਠਕ 2 ਰੁਪਏ ਦੇਸ਼ ਲਈ ਅਤੇ 20 ਰੁਪਏ ਵਿਦੇਸ਼ ਲਈ ਪ੍ਰਤੀ ਅੰਕ ਡਾਕ ਖਰਚ ਭੇਜ ਕੇ ਇਨ੍ਹਾਂ ਅੰਕਾਂ ਨੂੰ ਮੰਗਵਾ ਸਕਦੇ ਹਨ।

ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ।



Sri Satguru Jagjit Singh Ji Elibrary NamdhariElibrary@gmail.com

## ਗੁਰਮਤਿ ਸੰਗੀਤ ਲਹਿਰ ਦਾ ਝੰਡਾ ਬਰਦਾਰ

ਕਰਮਜੀਤ ਸਿੰਘ : ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

ਗੁਰਮਤਿ ਸੰਗੀਤ ਨੂੰ ਥਿਊਰੀ ਦੀ ਪੱਧਰ 'ਤੇ ਸਥਾਪਤ ਕਰਨਾ, ਫੇਰ ਇਸ ਨੂੰ ਅਮਲ ਵਿਚ ਉਤਾਰਨਾ ਅਤੇ ਇਸ ਅਮਲ ਵਿਚ ਵਿਸਮਾਦ ਰਸ ਘੋਲ ਦੇਣ ਦਾ ਸਿਹਰਾ ਪ੍ਰੋ. ਕਰਤਾਰ ਸਿੰਘ ਦੇ ਹਿੱਸੇ ਹੀ ਆ ਸਕਿਆ ਹੈ। ਗੁਰਮਤਿ ਸੰਗੀਤ ਦੇ ਵੱਡੇ ਧਨੰਤਰ ਹੋਰ ਵੀ ਹੋਏ ਹਨ ਪਰ ਥਿਊਰੀ, ਅਮਲ ਤੇ ਵਿਸਮਾਦ ਰਸ ਦਾ ਸੰਗਮ ਸ਼ਾਇਦ ਹੋਰ ਕਿਤੇ ਨਹੀਂ ਹੋ ਸਕਿਆ। ਉਨ੍ਹਾਂ ਦੇ ਕੀਰਤਨ ਵਿਚ ਸ਼ਬਦ ਦੀ ਮੁਕੰਮਲ ਹਕੂਮਤ ਹੁੰਦੀ ਹੈ ਜਦ ਕਿ ਗੁਰਮਤਿ ਸੰਗੀਤ ਦੀ ਤਕਨੀਕ ਸ਼ਬਦ ਦੀ ਸਹਾਇਕ ਬਣਦੀ ਹੈ, ਸ਼ਬਦ ਦੇ ਡੂੰਘੇ ਭੇਤਾਂ ਨੂੰ ਪ੍ਰਗਟ ਕਰਦੀ ਹੈ, ਸ਼ਬਦ ਦੀਆਂ ਅਣਦਿੱਸਦੀਆਂ ਪਰਤਾਂ ਨੂੰ ਖੋਲ੍ਹਦੀ ਹੈ, ਪਰ ਇਹ ਤਕਨੀਕ ਕਿਤੇ ਵੀ ਸ਼ਬਦ ਉਤੇ ਹਾਵੀ ਨਹੀਂ ਹੁੰਦੀ। ਉਨ੍ਹਾਂ ਦੇ ਕੀਰਤਨ ਵਿਚ ਰਾਗ ਜੰਗ ਨਹੀਂ ਕਰਦੇ ਸਗੋਂ ਰਾਗ ਸ਼ਬਦ ਦੇ ਨਾਲ ਸਫਰ ਕਰਦੇ ਹਨ ਅਤੇ ਸ਼ਬਦ ਦੇ ਇਰਦ ਗਿਰਦ ਸਹਿਜ ਦਾ ਆਲਮ ਸਿਰਜ ਦਿੰਦੇ ਹਨ। ਪ੍ਰੋ. ਸਾਹਿਬ ਦੇ ਦਿਲ ਦੀਆਂ ਤੈਹਾਂ ਵਿਚ ਇਹ ਪਵਿੱਤਰ ਫੁਰਮਾਨ ਰਚ ਮਿਚ ਗਿਆ ਹੈ; 'ਸਹਿਜੇ ਗਾਵਿਆ ਥਾਇ ਪਵੈ'।

ਕਰੀਬ 76 ਵਰ੍ਹੇ ਹੰਢਾਉਣ ਪਿੱਛੋਂ ਵੀ ਕੀਰਤਨ ਉਨ੍ਹਾਂ ਦੀ ਜ਼ਿੰਦਗੀ ਹੈ, ਉਨ੍ਹਾਂ ਦੀ ਰੂਹ ਦੀ ਖੁਰਾਕ ਹੈ। ਹਰ ਕੋਈ ਜਾਣਦਾ ਹੈ ਕਿ ਦੁਨਿਆਵੀ ਸੰਗੀਤ ਜਾਂ ਲੋਕ ਸੰਗੀਤ ਵਿਚ ਆਪਣੀ ਹੀ ਕਿਸਮ ਦੀ ਚੰਚਲਤਾ ਹੁੰਦੀ ਹੈ, ਇਕ ਬੇਲੋੜੀ ਕਾਹਲ ਹੁੰਦੀ ਹੈ, ਇਕ ਅਜਿਹੇ ਕਿਸਮ ਦਾ ਮਨੋਰੰਜਨ ਹੁੰਦਾ ਹੈ ਜੋ ਮਨ ਨੂੰ ਆਰਜ਼ੀ ਕਿਸਮ ਦਾ ਹੁਲਾਰਾ ਦੇ ਕੇ ਫਿਰ ਪਹਿਲਾਂ ਵਾਲੀ ਅਵਸਥਾ ਵਿਚ ਹੀ ਲੈ ਆਉਂਦਾ ਹੈ। ਪਰ ਗੁਰਮਤਿ ਸੰਗੀਤ ਵਿਚ ਗਹਿਰ ਗੰਭੀਰ, ਰੂੜ੍ਹੇ ਗੂੜ੍ਹੇ ਦੀਆਂ ਮਹਾਨ ਬਰਕਤਾਂ ਪਈਆਂ ਹੁੰਦੀਆਂ ਹਨ। ਇਹ ਸੰਗੀਤ ਗੀਤ ਦਾ ਮਾਹੌਲ ਨਹੀਂ ਸਿਰਜਦਾ ਸਗੋਂ ਬ੍ਰਹਮ-ਵਿਚਾਰ ਦਾ ਮਾਹੌਲ ਪੈਦਾ ਕਰਦਾ ਹੈ। ਪ੍ਰੋ. ਕਰਤਾਰ ਸਿੰਘ ਆਪਣੇ ਸੰਗੀਤ ਦੇ ਸਹਿਜ ਜਾਦੂ ਨਾਲ ਸ਼ਬਦ-ਸੁਰਤਿ ਦੇ ਮਿਲਾਪ ਦੀਆਂ ਤਰੰਗਾਂ ਪੈਦਾ ਕਰ ਦਿੰਦੇ ਹਨ।

ਇਸ ਪੱਤਰਕਾਰ ਨੂੰ ਕਰੀਬ ਦੋ ਘੰਟੇ ਤੱਕ ਉਨ੍ਹਾਂ ਦੇ ਨੇੜੇ ਹੋਣ ਦਾ ਮੌਕਾ ਨਸੀਬ ਹੋਇਆ। ਸੰਗੀਤ ਦੀਆਂ ਬਰੀਕੀਆਂ ਦੇ ਉਹ ਜਾਦੂ ਹੀ ਨਹੀਂ ਹਨ ਸਗੋਂ ਕਈ ਬਰੀਕੀਆਂ ਉਹ ਖੁਦ ਵੀ ਸਿਰਜ ਲੈਂਦੇ ਹਨ। ਗੁਰਮਤਿ ਸੰਗੀਤ ਤੇ ਪੁਰਾਤਨ ਭਾਰਤੀ ਸੰਗੀਤ ਦੀਆਂ ਕਈ ਗੰਭੀਰ ਪਰਤਾਂ ਖੋਲ੍ਹਦਿਆਂ ਉਹ ਗੁਰਮਤਿ ਸੰਗੀਤ ਦੀ ਨਿਆਰੀ ਢੱਬ, ਨੁਹਾਰ ਤੇ ਵਿਲੱਖਣਤਾ ਵੀ ਸਥਾਪਤ ਕਰ ਦਿੰਦੇ ਹਨ। ਪ੍ਰੋ. ਸਾਹਿਬ ਨੂੰ ਮਿਲਣ ਤੇ ਵਿਛੜਨ ਦੇ ਉਨ੍ਹਾਂ ਬਿੰਦੂਆਂ ਬਾਰੇ ਸਿਧਾਂਤਕ ਜਾਣਕਾਰੀ ਹੈ ਜਿੱਥੇ ਗੁਰਮਤਿ ਸੰਗੀਤ ਤੇ ਪੁਰਾਤਨ ਭਾਰਤੀ ਸੰਗੀਤ ਮਿਲਦੇ ਤੇ ਵਿਛੜਦੇ ਹਨ। ਸੰਗੀਤ ਦੀਆਂ ਦੋਹਾਂ ਪ੍ਰਣਾਲੀਆਂ ਦੀ ਮਹੱਤਤਾ ਦਾ ਉਨ੍ਹਾਂ ਦੇ ਦਿਲ ਵਿਚ ਸਤਿਕਾਰ ਹੈ। ਇੱਥੋਂ ਤੱਕ ਕਿ ਉਹ ਪੱਛਮੀ ਸੰਗੀਤ ਦੀਆਂ ਕਈ ਖੋਜਾਂ ਨੂੰ ਨਮੋ ਕਰਦੇ ਹਨ ਪਰ ਉਨ੍ਹਾਂ ਦੀ ਪੱਕੀ ਧਾਰਨਾ ਹੈ ਕਿ ਜੋ ਕੀਰਤਨ ਕਰਨ ਵਾਲਾ ਜਾਗਦੀ ਜੋਤ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣੇ, ਨਿਮਰਤਾ ਦੇ ਆਲਮ ਵਿਚ ਵਿਚਰੇ, ਸ਼ਬਦ ਦੁਆਰਾ ਰਾਗ ਦਾ ਸਰੂਪ ਅਲਾਪੇ ਸ਼ਬਦ ਨੂੰ ਮੁੱਖ ਰੱਖ ਕੇ ਗਾਇਨ ਕਰੇ ਤਾਂ ਉਹ ਕੀਰਤਨ ਹੀ ਅਸਲ ਲਫ਼ਜ਼ਾਂ ਵਿਚ ਕੀਰਤਨ ਹੈ।

ਪ੍ਰੋ. ਕਰਤਾਰ ਸਿੰਘ ਦੀ ਦਿਲੀ ਇੱਛਾ ਹੈ ਕਿ ਜੇਕਰ ਗੁਰਦੁਆਰਿਆਂ ਵਿਚ ਰਾਗ ਅਧਾਰਤ ਕੀਰਤਨ ਦੀਆਂ ਧੁਨੀਆਂ ਦੀ ਗੂੰਜ ਪਵੇ ਤਾਂ ਗੁਰਮਤਿ ਸੰਗੀਤ ਦੀ ਸ਼ੈਲੀ ਦਾ ਅਸਲ ਤੇ ਪੁਰਾਤਨ ਸਰੂਪ ਫਿਰ ਵਾਪਸ ਲਿਆਂਦਾ ਜਾ ਸਕਦਾ ਹੈ। ਰਾਗ ਵਿਹੂਣੇ ਕੀਰਤਨ ਨਾਲ ਅਸੀਂ ਗੁਰੂ ਦੀ ਨੇੜਤਾ ਹਾਸਲ ਨਹੀਂ ਕਰ ਸਕਦੇ। ਉਹ ਵਾਰ ਵਾਰ ਕਹਿੰਦੇ ਹਨ ਕਿ ਗੁਰਬਾਣੀ ਰਾਗਾਂ ਵਿਚ ਰਚੀ ਗਈ ਹੈ ਅਤੇ ਅਸਾਂ ਰਾਗਾਂ ਵਿਚ ਗੁਰਬਾਣੀ ਨੂੰ ਗਾਉਣਾ ਹੈ, ਪਰ ਨਾਲ ਹੀ ਇਹ ਗੱਲ ਨਹੀਂ ਭੁਲਣੀ ਕਿ 'ਅਸਾਂ ਸ਼ਬਦ ਨਾਲ ਜੁੜਨਾ ਹੈ, ਰਾਗ ਤਾਂ ਮਾਧਿਅਮ ਹੈ, ਕੀਰਤਨ ਵਿਚ ਰਾਗਦਾਰੀ ਨੂੰ ਮੁੱਖ ਨਹੀਂ ਰੱਖਿਆ ਜਾ ਸਕਦਾ, ਨਾ ਹੀ ਸਰਗਮਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਕੀਰਤਨ ਦੇ ਗੰਭੀਰ ਵਿਦਿਆਰਥੀਆਂ ਲਈ ਉਨ੍ਹਾਂ ਨੇ ਤਿੰਨ ਮੌਲਿਕ ਪੁਸਤਕਾਂ ਰਚੀਆਂ ਹਨ। ਇਕ 'ਗੁਰਮਤਿ ਸੰਗੀਤ ਦਰਪਣ' ਹੈ, ਦੂਜੀ 'ਗੁਰਬਾਣੀ ਸੰਗੀਤ ਦਰਪਣ' ਅਤੇ ਤੀਜੀ 'ਗੁਰੂ ਅੰਗਦ ਦੇਵ ਸੰਗੀਤ ਦਰਪਣ' ਹੈ। ਸ਼੍ਰੋਮਣੀ ਕਮੇਟੀ ਵਧਾਈ ਦੀ ਹੱਕਦਾਰ ਹੈ ਕਿਉਂਕਿ ਉਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਨੇ ਇਹ ਮਹਿਸੂਸ ਕਰ ਲਿਆ ਹੈ ਕਿ ਟੁੱਟੀਆਂ ਸੁਰਤਾਂ ਨੂੰ ਜੋੜਨ ਲਈ ਗੁਰਮਤਿ ਸੰਗੀਤ ਦੀਆਂ ਗੰਭੀਰ ਪੁਸਤਕਾਂ ਛਾਪੇ ਜਾਣ ਦੀ ਅੱਜ ਜਿੰਨੀ ਲੋੜ ਹੈ, ਓਨੀ ਪਹਿਲਾਂ ਕਦੇ ਵੀ ਨਹੀਂ ਸੀ। ਇਸ ਤੋਂ ਪਹਿਲਾਂ ਰਬਾਬੀਆਂ ਅਤੇ ਰਾਗੀਆਂ ਦੀਆਂ ਦੋਹਾਂ ਹੀ ਸ਼੍ਰੇਣੀਆਂ ਨੇ ਸੰਗੀਤ ਕਲਾ ਵਿਚ ਉਹ ਇਤਿਹਾਸ ਸਿਰਜਿਆ ਹੈ, ਜਿਸ ਉੱਤੇ ਪ੍ਰੋ. ਕਰਤਾਰ ਸਿੰਘ ਹੁਰਾਂ ਨੂੰ ਮਾਣ ਹੈ। ਉਸੇ ਅਮੀਰ ਵਿਰਸੇ ਨੂੰ ਹੀ ਉਹ ਅੱਗੇ ਤੋਰ ਰਹੇ ਹਨ ਅਤੇ ਉਨ੍ਹਾਂ ਨੂੰ ਤਸੱਲੀ ਹੈ ਕਿ ਹੁਣ ਫਿਲਮੀ ਤਰਜ਼ਾਂ, ਲੋਕ ਧੁਨਾਂ, ਗਾਇਕਾਂ ਦੀਆਂ ਤਰਜ਼ਾਂ ਉੱਤੇ ਗਾਉਣ ਵਾਲੇ ਕੀਰਤਨੀਆਂ ਦੀ ਪੁੱਛ ਪ੍ਰਤੀਤ ਘੱਟ ਰਹੀ ਹੈ। ਉਨ੍ਹਾਂ ਦੀ ਕਠਿਨ ਤਪੱਸਿਆ ਨਾਲ ਇਕ ਅਜਿਹਾ ਮਾਹੌਲ ਬਣ ਰਿਹਾ ਹੈ ਜਿਸ ਵਿਚ ਸਹਿਜੇ ਸਹਿਜੇ ਸਿੱਖਾਂ ਦੀ ਗੰਭੀਰ ਧਾਰਮਿਕ ਲੀਡਰਸ਼ਿਪ ਦੇ ਦਿਲ ਵਿਚ ਵੀ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਦੀ ਪਰੰਪਰਾ ਸੁਰਜੀਤ ਹੋ ਰਹੀ ਹੈ। ਜਦੋਂ ਵੀ ਕਦੇ ਗੁਰਮਤਿ ਸੰਗੀਤ ਦਾ ਇਤਿਹਾਸ ਲਿਖਿਆ ਜਾਏਗਾ ਤਾਂ ਰਾਗਾਂ ਤੋਂ ਸੱਖਣੇ ਸ਼ਬਦ ਗਾਉਣ ਵਾਲਿਆਂ ਅਤੇ ਇਸ ਤਰ੍ਹਾਂ ਦੇ ਪੈਦਾ ਹੋਏ ਦੌਰ ਵਿਰੁੱਧ ਲਗਾਤਾਰ ਜੱਦੋ ਜਹਿਦ ਕਰਨ ਵਾਲਿਆਂ ਵਿਚ ਪ੍ਰੋ. ਕਰਤਾਰ ਸਿੰਘ ਨੂੰ ਸਦਾ ਯਾਦ ਰੱਖਿਆ ਜਾਵੇਗਾ। ਇਜ ਪ੍ਰੋਫੈਸਰ ਸਾਹਿਬ ਨੇ ਕੀਰਤਨ ਦੀ ਪੁਰਾਤਨ ਪਰੰਪਰਾ ਤੇ ਗਾਇਨ ਸ਼ੈਲੀ ਨੂੰ ਖੋਰਾ ਲੱਗਣ ਤੋਂ ਬਚਾਉਣ ਵਿਚ ਅਹਿਮ ਰੋਲ ਅਦਾ ਕੀਤਾ ਹੈ। ਇਸ ਦਿਸ਼ਾ ਵਿਚ ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ ਜਿਸ ਦੇ ਉਹ ਖੁਦ ਡਾਇਰੈਕਟਰ ਤੇ ਰੂਹੇ ਰਵਾਂ ਹਨ, ਇਕ ਵਿਸ਼ਾਲ ਲਹਿਰ ਨੂੰ ਜਨਮ ਦੇਵੇਗੀ।

ਪ੍ਰੋ. ਕਰਤਾਰ ਸਿੰਘ ਦੀ ਸੰਗੀਤ ਯਾਤਰਾ ਦੇ ਕਈ ਪੜਾਅ ਹਨ ਜਿਸ ਵਿਚ ਉਹ ਸੁਹਿਰਦ ਵਿਦਿਆਰਥੀ ਵੀ ਰਹੇ, ਇਕ ਚੰਗੇ ਉਸਤਾਦ ਵੀ ਬਣੇ ਅਤੇ ਉੱਚ ਕੋਟੀ ਦੇ ਕੀਰਤਨੀਏ ਹੋਣ ਦਾ ਮਾਣ ਵੀ ਹਾਸਲ ਕੀਤਾ। ਗੁਰਮਤਿ ਸੰਗੀਤ ਦੀਆਂ ਤਕਨੀਕੀ ਬਰੀਕੀਆਂ ਦੀ ਜੋ ਉਹਨਾਂ ਨੇ ਖੋਜ ਕੀਤੀ ਹੈ ਉਹ ਇਕ ਵੱਖਰੇ ਲੇਖ ਦੀ ਮੰਗ ਕਰਦਾ ਹੈ। ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਹਨਾਂ ਬਾਰੇ ਕੀਤੀ ਇਹ ਟਿੱਪਣੀ ਕਾਫੀ ਮਹੱਤਵਪੂਰਨ ਹੈ ਕਿ 'ਕੀਰਤਨ ਕਰਨ ਵਾਲੇ ਤੇ ਸੁਣਨ ਵਾਲੇ ਤਾਂ ਅੱਜ ਅਨੇਕਾਂ ਹਨ ਪਰ ਰਾਗਾਂ ਤੇ ਨਿਰਧਾਰਤ ਤੰਤੀ ਸਾਜ਼ਾਂ ਉੱਤੇ ਕੀਰਤਨ ਕਰਨ ਵਾਲੇ ਤੇ ਸੁਣਨ ਵਾਲੇ ਵਿਰਲੇ ਹੀ ਹਨ। ਪ੍ਰੋ. ਕਰਤਾਰ ਸਿੰਘ ਉਹਨਾਂ ਵਿਰਲਿਆਂ ਵਿਚੋਂ ਇਕ ਹਨ ਜਿਨ੍ਹਾਂ ਨੇ ਤੰਤੀ ਸਾਜ਼ਾਂ ਦੁਆਰਾ ਕੀਰਤਨ ਕਰਕੇ ਗੁਰਮਤਿ ਸੰਗੀਤ ਨੂੰ ਇਕ ਨਵਾਂ ਮੋੜ ਦਿੱਤਾ।

## *A little walk around yourself*

When you're critieizing others
And are finding here and there
A fault or two to speak of
Or a weakness you can't bear,
When you're blaming someone's weakness
Or accusing some of pelf.
It's time that you went out
To walk around yourself.

There are lots of human failures
In the average of us all
And lots of grave shortcomings
In the short ones and the tall.

But when we think of evils
Men should lay upon the shelves.
It's time we all went out
To take a walk around ourselves

We need so often in this life
This balancing of scales;
This seeing how much in us wins
And how much in us fails.
But before you judge another
Just to lay him on the shelf...
It would be a splendid plan
To take a walk around yourself.

*With best compliments from a wellwisher*



Sri Satguru Jagjit Singh Ji Elibrary NamdhariElibrary@gmail.com

# ਪਦਮ ਸ੍ਰੀ ਸ. ਸੁਰਿੰਦਰ ਸਿੰਘ 'ਸਿੰਘ ਬੰਧੂ'

ਡਾ. ਗੁਰਨਾਮ ਸਿੰਘ : ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

ਸ੍ਰ. ਸੁਰਿੰਦਰ ਸਿੰਘ, ਸਿੰਘ ਬੰਧੂ ਸੰਪੂਰਨ ਤੌਰ 'ਤੇ ਸੰਗੀਤ ਨੂੰ ਸਮਰਪਿਤ ਸ਼ਖਸੀਅਤ ਦਾ ਨਾਂ ਹੈ। ਸ਼ਾਸਤਰੀ ਗਾਇਨ ਦੇ ਖੇਤਰ ਵਿਚ ਸ੍ਰੀ ਸੁਰਿੰਦਰ ਸਿੰਘ, ਸ੍ਰੀ ਤੇਜਪਾਲ ਸਿੰਘ ਦੋਵੇਂ ਭਰਾਵਾਂ ਨੇ ਕਠਿਨ ਸਾਧਨਾ ਅਤੇ ਲਗਨ ਦੁਆਰਾ 'ਸਿੰਘ ਬੰਧੂ' ਦੀ ਪਛਾਣ ਨਾਲ ਕਈ ਬੁਲੰਦੀਆਂ ਸਰ ਕੀਤੀਆਂ। ਸੁਰਿੰਦਰ ਸਿੰਘ ਦੇ ਸੰਗੀਤਕ ਜੀਵਨ ਦੇ ਵਿਵਿਧ ਪਾਸਾਰ ਹਨ। ਸੰਗੀਤ ਦੇ ਉਸਤਾਦ ਗਾਇਕਾਂ ਵਿਚ ਆਪ ਜਾਗਰੂਕ ਕਲਾਕਾਰ ਹਨ ਜੋ ਜਿਥੇ ਸੰਗੀਤ ਜਗਤ ਦੇ ਨਵੀਨ ਤੇ ਪੁਰਾਤਨ ਰੂਪ ਦਾ ਗਹਿਰਾ ਅਨੁਭਵ ਰੱਖਦਾ ਹੈ ਉਥੇ ਗਲੋਬਲ ਪੱਧਰ ਉਤੇ ਵਾਪਰ ਰਹੀਆਂ ਘਟਨਾਵਾਂ ਦਾ ਵੀ ਸੁਚੇਤ ਸਮੀਖਿਅਕ ਹੈ। ਸੁਰਿੰਦਰ ਸਿੰਘ ਦੀ ਤੀਖਣ ਤੇ ਵਿਗਿਆਨਕ ਸੋਚ ਪਿੱਛੇ ਉਨ੍ਹਾਂ ਦੀ ਸੰਗੀਤਕ ਅਤੇ ਵਿਦਿਅਕ ਤਾਲੀਮ ਦਾ ਨਿੱਗਰ ਯੋਗਦਾਨ ਰਿਹਾ ਹੈ। 16 ਅਗਸਤ 1940 ਨੂੰ ਲਾਹੌਰ ਵਿਚ ਸ੍ਰੀ ਗੋਬਿੰਦ ਸਿੰਘ ਦੇ ਘਰ ਮੱਧਵਰਗੀ ਪਰਿਵਾਰ ਵਿਚ ਜਨਮੇ ਸੁਰਿੰਦਰ ਸਿੰਘ ਦੇ ਮਾਤਾ ਪਿਤਾ ਦੀ ਇਹੋ ਇੱਛਾ ਸੀ ਕਿ ਉਨ੍ਹਾਂ ਤੇ ਪੁੱਤਰ ਚੰਗੇ ਚੰਗੇ ਅਹੁਦਿਆਂ ਉਤੇ ਪੁੱਜ ਕੇ ਇੱਜਤਦਾਰ ਤੇ ਸੁਖਾਵਾਂ ਜੀਵਨ ਬਤੀਤ ਕਰਨ। ਦੋਵੇਂ ਭਰਾਵਾਂ 'ਚੋਂ ਸੁਰਿੰਦਰ ਸਿੰਘ ਨੇ ਆਪਣੀਆਂ ਗਾਇਨ ਰੁਚੀਆਂ ਨੂੰ ਵਿਸਤ੍ਰਿਤ ਤੇ ਆਦਰਸ਼ ਸਰੂਪ ਦੇਣ ਲਈ ਪਹਿਲ ਕੀਤੀ। ਆਪ ਬਾਲ ਉਮਰ ਤੋਂ ਹੀ ਚੰਗਾ ਗਾ ਲੈਂਦੇ ਸਨ। ਸਕੂਲ ਤੋਂ ਯੂਨੀਵਰਸਿਟੀ ਤੱਕ ਦੇ ਜੀਵਨ ਵਿਚ ਮਿਲੀ ਪ੍ਰਸੰਸਾ ਨੇ ਇਨ੍ਹਾਂ ਦੀ ਗਾਇਕ ਬਣਨ ਦੀ ਇੱਛਾ ਸ਼ਕਤੀ ਨੂੰ ਉਤਸ਼ਾਹਿਤ ਤੇ ਪ੍ਰਬਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਸੁਰਿੰਦਰ ਸਿੰਘ ਨੇ ਪ੍ਰਤਿਭਾ ਅਤੇ ਯਤਨ ਦੁਆਰਾ ਉਚ ਅਧਿਕਾਰੀ ਦੀ ਪਦਵੀ ਪ੍ਰਾਪਤ ਕਰਨ ਦੀ ਬਜਾਏ ਸਫਲ ਨਾਮਵਰ ਗਾਇਕ ਬਣਨ ਦਾ ਦ੍ਰਿੜ ਸੰਕਲਪ ਲਿਆ। ਆਪ ਨੇ ਸੰਗੀਤ ਦੀ ਮੁਢਲੀ ਤਾਲੀਮ ਆਪਣੇ ਵੱਡੇ ਭਰਾ ਸ੍ਰੀ ਜੀ. ਐਸ. ਸਰਦਾਰ ਤੋਂ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਸੁਪ੍ਰਸਿੱਧ ਖਿਆਲ ਗਾਇਕ ਉਸਤਾਦ ਅਮੀਰ ਖਾਂ ਦੀ ਸੰਗੀਤਕ ਬੰਦਗੀ ਨੇ ਇਹਨਾਂ ਦੇ ਗਾਇਨ ਨੂੰ ਵਿਸ਼ੇਸ਼ ਪਛਾਣ ਦਿੱਤੀ।

ਸੁਰਿੰਦਰ ਸਿੰਘ ਕਿਹਾ ਕਰਦੇ ਹਨ, 'ਮੈਂ ਗਾਇਕ ਬਣਨ ਦਾ ਦ੍ਰਿੜ ਨਿਸ਼ਚਾ ਕਰ ਲਿਆ। ਮੇਰੇ ਪਰਿਵਾਰ ਨੇ ਮੇਰੇ ਨਾਲ ਬਹਿਸ ਕੀਤੀ, ਮੇਰੀ ਖੁਸ਼ਾਮਦ ਕੀਤੀ, ਮੈਨੂੰ ਧਮਕਾਇਆ ਕੋਸਿਆ ਕਿਉਂਕਿ ਉਨ੍ਹਾਂ ਦਾ ਬੁੱਧੀਮਾਨ ਪੁੱਤਰ ਉਨ੍ਹਾਂ ਦੀਆਂ ਉਮੀਦਾਂ ਪੂਰੀਆਂ ਕਰਨ ਤੋਂ ਇਨਕਾਰ ਕਰ ਰਿਹਾ ਸੀ, ਉਹ ਇਕ ਮਿਰਾਸੀ ਬਣਨ ਲੱਗਾ ਸੀ, ਛੋਟੀ ਜਾਤ ਦੇ ਕਸਬੀ ਗਵੱਈਏ ਵਰਗਾ, ਜਿਸ ਕੋਲ ਨਾ ਸਰਕਾਰੀ ਬੰਗਲਾ ਹੋਵੇਗਾ, ਨਾ ਝੁਕ-ਝੁਕ ਕੇ ਸਲਾਮਾਂ ਕਰਨ ਵਾਲਾ ਅਮਲਾ, ਨਾ ਕੰਬਦੇ ਲੋਕ ਉਸ ਦੀ ਕ੍ਰਿਪਾ ਮੰਗਣਗੇ। ਉਨ੍ਹਾਂ ਦਾ ਬੇਟਾ ਤਾਂ ਗਾਇਕ ਬਣੇਗਾ ਅਤੇ ਸਰੋਤਿਆਂ ਅਤੇ ਆਕਾਸ਼ਵਾਨ ਸੰਯੋਜਕਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵਿਚ ਜ਼ਿੰਦਗੀ ਬਤੀਤ ਕਰੇਗਾ। ਬੱਸ, ਉਹ ਤਾਂ ਪਰਿਵਾਰ ਦਾ ਨਾਂ ਡੋਬੇਗਾ।

ਸੁਰਿੰਦਰ ਸਿੰਘ ਦੇ ਵੱਡੇ ਭਰਾ ਤੇਜਪਾਲ ਸਿੰਘ ਨੇ ਵੀ ਪਰਿਵਾਰ ਦੀਆਂ ਇਛਾਵਾਂ ਦੇ ਉਲਟ ਸ਼ਾਸਤਰੀ ਗਾਇਕ ਬਣਨ ਲਈ ਹੁੰਗਾਰਾ ਭਰਿਆ ਅਤੇ ਦੋਵੇਂ ਭਰਾਵਾਂ ਨੇ ਆਪਣਾ ਸੰਗੀਤ ਸਫਰ ਸ਼ੁਰੂ ਕਰ ਦਿੱਤਾ। ਉਮਰ ਦੇ ਪਹਿਲੇ ਵਰ੍ਹਿਆਂ 'ਚ ਵੱਡੇ ਭਰਾ ਜੀ. ਐਸ. ਸਰਦਾਰ ਦੁਆਰਾ ਪ੍ਰਾਪਤ ਮੁੱਢਲੀ ਸਿੱਖਿਆ ਨੇ ਕਦਮ ਕਦਮ 'ਤੇ ਦੋਵੇਂ ਭਰਾਵਾਂ ਨੂੰ ਸਹਾਰਾ ਦਿੱਤਾ। ਸੁਰਿੰਦਰ ਸਿੰਘ ਨੇ ਕੁਝ ਸਮਾਂ ਉਸਤਾਦ ਅਮੀਨੁਦੀਨ ਡਾਗਰ ਕੋਲੋਂ ਗਾਇਨ ਦੀ ਸਿੱਖਿਆ ਪ੍ਰਾਪਤ ਕੀਤੀ। ਉਸਤਾਦ ਅਮੀਨੁਦੀਨ ਦੁਆਰਾ ਪ੍ਰਾਪਤ ਧਰੁਪਦ ਗਾਇਕੀ ਦੀ ਸਿੱਖਿਆ ਨੇ ਸੁਰਿੰਦਰ ਸਿੰਘ ਦੀ ਖਿਆਲ ਗਾਇਕੀ ਨੂੰ ਵਿਲੱਖਣ ਛੋਹ ਪ੍ਰਦਾਨ ਕੀਤੀ। ਉਪਰੰਤ ਦੋਵੇਂ ਭਰਾਵਾਂ ਨੇ ਪ੍ਰਸਿੱਧ ਖਿਆਲ ਗਾਇਕ ਉਸਤਾਦ ਅਮੀਰ ਖਾਂ ਸਾਹਿਬ ਦੀ ਸ਼ਾਗਿਰਦੀ ਕੀਤੀ। ਉਸਤਾਦ ਅਮੀਰ ਖਾਂ ਸਾਹਿਬ ਦਾ ਖਿਆਲ ਗਾਇਨ ਵਿਚ ਸਾਨੀ ਲੱਭਣਾ ਅਤਿ ਕਠਿਨ ਹੈ। ਗੁਰੂ ਕਿਰਪਾ ਦੁਆਰਾ ਖਿਆਲ ਦੀ ਸੰਪੂਰਨ, ਵਿਧੀਵਿੱਤ ਬੜ੍ਹਤ, ਸੁਰ ਲਗਾਵ, ਬੰਦਿਸ਼ਾਂ ਦੇ ਸੁਗੰਗਠਿਤ ਵਿਧਾਨ ਦੀ ਪੇਸ਼ਕਾਰੀ, ਭਾਵਸੰਚਾਰ, ਕਲਾਤਮਕ ਸਿਖਰਾਂ ਉਤੇ ਪਹੁੰਚਣ ਦੀ ਤਕਨੀਕ, ਰਿਆਜ਼ ਦੀ ਵਿਧੀ ਅਤੇ ਮੰਚ ਪ੍ਰਦਰਸ਼ਨ ਵਰਗੇ ਅਨੇਕ ਪਹਿਲੂਆਂ ਨੂੰ ਸਿੰਘ ਬੰਧੂਆਂ ਨੇ ਪੂਰੀ ਲਗਨ ਤੇ ਸ਼ਰਧਾ ਨਾਲ ਗ੍ਰਹਿਣ ਕੀਤਾ, ਪਹਿਚਾਣਿਆ ਅਤੇ ਪ੍ਰਗਟਾਇਆ। ਉਸਤਾਦ



Sri Satguru Jagjit Singh Ji Elibrary NamdhariElibrary@gmail.com

ਅਮੀਰ ਖਾਂ ਸਾਹਿਬ ਦੇ ਪੁਰਅਸਰ ਤੇ ਪਰਸੋਜ਼ ਗਾਇਨ ਨੇ ਹੀ ਸਿੰਘ ਬੰਧੂਆਂ ਦੀ ਗਾਇਕੀ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਉਨ੍ਹਾਂ ਦੇ ਸਮੁੱਚੇ ਵਿਅਕਤੀਤਵ ਦੀ ਅਮਿਟ ਛਾਪ ਵੀ ਉਨ੍ਹਾਂ ਦੇ ਗਾਇਨ 'ਚੋਂ ਅਨੁਭਵ ਕੀਤੀ ਜਾ ਸਕਦੀ ਹੈ। ਸੁਰਿੰਦਰ ਸਿੰਘ ਆਪਣੇ ਗੁਰੂ ਉਸਤਾਦ ਅਮੀਰ ਖਾਂ ਸਾਹਿਬ ਬਾਰੇ ਕਿਹਾ ਕਰਦੇ ਹਨ, ਅਮੀਰ ਖਾਂ ਸਾਹਿਬ ਦੇ ਮੇਰਾ ਗੁਰੂ ਬਣਨ ਤੋਂ ਮੈਨੂੰ ਜੋ ਅਨੁਭੂਤੀ ਪ੍ਰਾਪਤ ਹੋਈ ਹੈ, ਉਸ ਨੂੰ ਕੇਵਲ ਆਤਮਿਕ ਹੀ ਕਿਹਾ ਜਾ ਸਕਦਾ ਹੈ। ਮੇਰਾ ਪਰਿਵਾਰ ਬਹੁਤ ਧਾਰਮਿਕ ਹੈ, ਪ੍ਰਮਾਤਮਾ ਦੀ ਪ੍ਰਾਰਥਨਾ ਕਰਨਾ ਮੇਰੇ ਪਾਲਣ ਪੋਸ਼ਣ ਦਾ ਅੰਗ ਰਿਹਾ। ਉਹ ਜਦੋਂ ਦਿੱਲੀ ਆਉਂਦੇ ਸਾਡੇ ਕੋਲ ਰਹਿੰਦੇ, ਇਹ ਕਿ ਮੈਂ ਖੁਦ ਉਨ੍ਹਾਂ ਦਾ ਸ਼ਾਗਿਰਦ ਕਹਾ ਸਕਦਾ ਹਾਂ, ਇਹ ਕਿ ਮੈਂ ਸੰਗੀਤ ਸਬੰਧੀ ਉਨ੍ਹਾਂ ਤੋਂ ਪ੍ਰਸ਼ਨ ਪੁੱਛ ਸਕਦਾ ਹਾਂ, ਇਹ ਗੱਲ ਮੈਨੂੰ ਨਿਰੰਤਰ ਆਨੰਦਿਤ ਕਰਦੀ ਰਹਿੰਦੀ। ਉਨ੍ਹਾਂ ਦੀਆਂ ਗੱਲਾਂ ਸੁਣਨਾ ਹੀ ਪਰਮਾਨੰਦ ਸੀ। ਕੋਈ ਨਵੀਂ ਬੰਦਸ਼ ਸਿਖ ਲੈਣਾ ਤਾਂ ਪਰਮ ਸੁਖ ਸੀ। ਮੈਂ ਕੇਵਲ ਸੰਗੀਤ ਸਿੱਖਣ ਲਈ ਹੀ ਉਸਤਾਦ ਅਮੀਰ ਖਾਂ ਸਾਹਿਬ ਦਾ ਅਭਾਰੀ ਨਹੀਂ, ਸਗੋਂ ਮੈਂ ਰਿਣੀ ਹਾਂ ਕਿ ਉਨ੍ਹਾਂ ਨੇ ਅਹੰਕਾਰ ਦੇ ਨਾਸ ਤੋਂ ਪ੍ਰਾਪਤ ਪਰਮਾਨੰਦ ਦਾ ਅਨੁਭਵ ਕਰਵਾਇਆ। ਮੇਰੇ ਵਿਚਾਰ ਅਨੁਸਾਰ ਜੇਕਰ ਮੇਰੇ ਸੰਗੀਤ ਵਿਚ ਕੋਈ ਗਹਿਰਾਈ ਹੈ ਤਾਂ ਉਹ ਹੋਰ ਕਿਸੇ ਕਾਰਨ ਨਹੀਂ ਸਗੋਂ ਇਸੇ ਲਈ ਹੈ।

ਮਨ ਵਿਚ ਸ਼ਾਸਤਰੀ ਗਾਇਕ ਬਣਨ ਦੀ ਇੱਛਾ ਨੂੰ ਸਾਕਾਰ ਕਰਨ ਲਈ ਸੁਰਿੰਦਰ ਸਿੰਘ ਨੇ ਕਈ ਕਿਸਮਾਂ ਦੀਆਂ ਨੌਕਰੀਆਂ ਕੀਤੀ ਪ੍ਰੰਤੂ ਇਨ੍ਹਾਂ ਦੇ ਦਿਲ ਦਿਮਾਗ ਉਤੇ ਤਾਂ ਹਰ ਵਕਤ ਸੰਗੀਤ ਦਾ ਖ਼ੁਮਾਰ ਰਹਿੰਦਾ ਸੀ।

ਸੁਰਿੰਦਰ ਸਿੰਘ ਨੇ ਇਨਕਮ ਟੈਕਸ ਵਿਭਾਗ ਵਿਚ ਉਚ-ਪਦਵੀ ਦੀਆਂ ਜ਼ਿੰਮੇਵਾਰੀਆਂ ਅਤੇ ਅਧਿਕਾਰਾਂ ਦੀਆਂ ਖੁਸ਼ੀਆਂ ਮਾਣਨ ਦੀ ਬਜਾਏ ਸਫਲ ਸ਼ਾਸਤਰੀ ਗ਼ਾਇਕ ਬਣ ਕੇ ਸੰਗੀਤ ਸੇਵਾ ਕਰਨ ਨੂੰ ਤਰਜੀਹ ਦਿੱਤੀ। ਅੱਜ ਵੀ ਹਰ ਰੋਜ਼ ਘੰਟਿਆਂ ਬੱਧੀ ਅਭਿਆਸ ਕਰਨ ਵਾਲੇ ਸੁਰਿੰਦਰ ਸਿੰਘ ਕਿਹਾ ਕਰਦੇ ਹਨ, ਇਹ (ਤਾਨਪੁਰਾ) ਰੋਜ਼ ਮੈਨੂੰ ਮੇਰੀ ਸ਼ਕਲ ਵਿਖਾ ਦਿੰਦਾ ਹੈ। ਰੋਜ਼ ਛਮਕਾਂ ਮਾਰਦਾ ਹੈ। ਇਸੇ ਲਈ ਰਿਆਜ਼ ਹੀ ਜ਼ਿੰਦਗੀ ਬਣ ਗਈ ਏ।' ਸੁਰਿੰਦਰ ਸਿੰਘ ਨੇ ਆਪਣੇ ਭਰਾ ਤੇਜਪਾਲ ਸਿੰਘ ਹੁਰਾਂ ਨਾਲ ਮਿਲ ਕੇ ਅਨੇਕ ਪ੍ਰਾਪਤੀਆਂ ਕੀਤੀਆਂ ਅਤੇ ਸੰਗੀਤ ਦੇ ਖੇਤਰ ਵਿਚ ਸੁਤੰਤਰ ਪਛਾਣ ਵੀ ਬਣਾਈ।

ਟੀ. ਵੀ. ਸੀਰੀਅਲ ਤਮਸ ਦੁਆਰਾ ਆਪ ਨੇ ਜਿਸ ਤਰ੍ਹਾਂ ਅਣਵੰਡੇ ਪੰਜਾਬ ਦੇ ਸੰਗੀਤ ਦੇ ਪ੍ਰੰਪਰਾਗਤ ਰੂਪ ਨੂੰ ਜੀਵੰਤ ਕੀਤਾ ਉਸ ਦਾ ਰੂਪ ਸਦੀਵੀ ਹੋਵੇਗਾ 'ਗਾਵਹੁ ਸਾਚੀ ਬਾਣੀ' ਟੀ.ਵੀ. ਪ੍ਰੋਗਰਾਮ ਦੀ ਖੋਜ ਭਰਪੂਰ ਵਿਉਂਤ ਤੇ ਪੇਸ਼ਕਾਰੀ ਦੁਆਰਾ ਆਪ ਨੇ ਸ਼ਬਦ ਕੀਰਤਨ ਪਰੰਪਰਾ ਦੀ ਵਿਰਾਸਤ ਨੂੰ ਸਾਰੇ ਵਿਸ਼ਵ ਸਾਹਮਣੇ ਪਰੋਖ ਕੀਤਾ।

ਸਿੰਘ ਬੰਧੂ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਪ੍ਰਸਾਰ ਭਾਰਤੀ ਦੁਆਰਾ ਟਾਪ ਗਰੇਡ ਆਰਟਿਸਟ ਹਨ। ਇਨਾਂ ਨੂੰ ਬਹੁਤ ਐਵਾਰਡ ਪ੍ਰਾਪਤ ਹੋਏ ਅਤੇ ਹੁਣ ਸੰਗੀਤ ਨਾਟਕ ਅਕਾਦਮੀ ਵਲੋਂ ਰਾਸ਼ਟਰੀ ਐਵਾਰਡ ਪ੍ਰਾਪਤ ਹੋਇਆ ਹੈ।

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ **ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060 ਫੋਨ : 25853955

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA

Sector: 22 - C, Chandigarh,
Ph.: 2700045-48 Fax : 0172-2700051
E-mail : hotelaroma@glide.net.in
Website : www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*



Sri Satguru Jagjit Singh Ji Elibrary NamdhariElibrary@gmail.com

# ਮਹਾਨ ਕੀਰਤਨੀਏ - ਉਸਤਾਦ ਬਾਬਾ ਮੁਖਤਿਆਰ ਸਿੰਘ ਜੀ 'ਮੁਖੀ' ਟੋਡਰਵਾਲ

ਭਾਈ ਅਵਤਾਰ ਸਿੰਘ ਹੰਸ : ਗੁਰਦੁਆਰਾ ਸਾਹਿਬ ਸੰਤਪੁਰਾ ਪਟਿਆਲਾ ਗੇਟ, ਸੰਗਰੂਰ

ਕੀਰਤਨ ਪ੍ਰਭੂ ਦੇ ਨਾਮ ਦਾ ਰਾਗਮਈ ਉਚਾਰਨ ਹੈ। ਪ੍ਰਭੂ ਪ੍ਰਾਪਤੀ ਦਾ ਉਤਮ ਸਾਧਨ ਹੈ ਕੀਰਤਨ। ਕੀਰਤਨ ਨਿਰੀ ਰਾਗ ਕਲਾ ਨਹੀਂ ਤੇ ਨਾ ਹੀ ਨਿਰੀ ਸੰਗੀਤ ਕਲਾ ਯੋਗਤਾ ਦੀ ਪ੍ਰਦਰਸ਼ਨੀ ਹੈ। ਸ਼ਬਦਰਥ ਵਿਚ ਜੁੜ ਕੇ ਅਤੇ ਲਕਸ਼ ਨਾਲ ਇਕ ਸੁਰ ਹੋ ਕੇ ਕੀਤੇ ਕੀਰਤਨ ਦਾ ਪ੍ਰਭਾਵ ਨਿਸਚੇ ਹੀ ਸਰੋਤਿਆਂ ਨੂੰ ਉਚੇਰੀ ਅਵਸਥਾ ਵਿਚ ਲੈ ਜਾਂਦਾ ਹੈ।

ਕੀਰਤਨ ਬਾਰੇ ਇਹ ਅਨਮੋਲ ਵੀਚਾਰ ਹਨ- ਗੁਰਮਤਿ ਸੰਗੀਤ ਦੇ ਵਿਦਵਾਨ ਉਸਤਾਦ ਬਾਬਾ ਮੁਖਤਿਆਰ ਸਿੰਘ ਜੀ 'ਮੁਖੀ' ਹੁਰਾਂ ਦੇ। ਜੋ ਗੁਰੂ ਘਰ ਦੇ ਮਹਾਨ ਕੀਰਤਨੀਏ, ਸਫਲ ਵਿਆਖਿਆਕਾਰ, ਪ੍ਰਚਾਰਕ, ਪ੍ਰਸਿੱਧ ਤਬਲਾ ਵਾਦਕ ਤੇ ਦਮਦਮੀ ਟਕਸਾਲ ਦੇ ਪ੍ਰਮੁੱਖ ਤੇ ਕੁਰਬਾਨੀ ਵਾਲੇ ਸਿੰਘ ਹਨ। ਬਾਬਾ ਮੁਖਤਿਆਰ ਸਿੰਘ ਜੀ ਦਾ ਜਨਮ 15.06.1960 ਵਿਚ ਮਾਤਾ ਗੁਰਦੇਵ ਕੌਰ ਦੀ ਕੁੱਖੋਂ ਪਿਤਾ ਸ੍ਰ. ਰਾਮ ਸਿੰਘ ਦੇ ਘਰ ਪਿੰਡ ਟੋਡਰਵਾਲ ਜਿਲ੍ਹਾ ਪਟਿਆਲਾ ਵਿਖੇ ਹੋਇਆ।

ਬਚਪਨ ਤੋਂ ਸੰਗੀਤ ਵੱਲ ਵਧੇਰੇ ਰੁਚੀ ਦੇਖ ਕੇ ਪਿਤਾ ਜੀ ਨੇ ਇਨ੍ਹਾਂ ਨੂੰ 1970 ਵਿਚ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਦੇ ਪਾਵਨ ਅਸਥਾਨ ਤੇ ਚਲ ਰਹੇ ਗੁਰਮਤਿ ਸੰਗੀਤ ਵਿਦਿਆਲੇ ਵਿਚ ਦਾਖਲ ਕਰਵਾ ਦਿੱਤਾ। ਇਹਨਾਂ ਨੇ ਗੁਰਮਤਿ ਦੀ ਵਿਦਿਆ ਪ੍ਰਾਪਤ ਕੀਤੀ ਤੇ ਪੰਥ ਦੇ ਮਹਾਨ ਸੰਗੀਤ ਅਚਾਰੀਆ ਉਸਤਾਦ ਰਾਗੀ ਜਸਵੰਤ ਸਿੰਘ ਜੀ 'ਤੀਬਰ' ਹੁਰਾਂ ਤੋਂ ਗੁਰਮਤਿ ਸੰਗੀਤ ਦੀ ਮੁਢਲੀ ਤਾਲੀਮ ਪ੍ਰਾਪਤ ਕੀਤੀ। 1975 ਵਿਚ ਆਪ ਉਸਤਾਦ ਤੀਬਰ ਸਾਹਿਬ ਨਾਲ ਹੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ, ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੋਕ ਵਿਖੇ ਚਲੇ ਗਏ।

ਸੱਚਖੰਡ ਵਾਸੀ ਸੰਤ ਗਿ. ਕਰਤਾਰ ਸਿੰਘ ਜੀ ਖਾਲਸਾ ਅਤੇ ਸੰਤ ਗਿ. ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਰਹਿਨੁਮਾਈ ਹੇਠ 1979 ਤੱਕ ਗੁਰਮਤਿ ਸੰਗੀਤ ਵਿਦਿਆ ਪ੍ਰਾਪਤ ਕੀਤੀ। ਗੁਰਬਾਣੀ ਦੀ ਸਿਖਿਆ ਟਕਸਾਲ ਵਿਚ ਗਿ. ਗੁਰਵੰਤ ਸਿੰਘ ਜੀ ਪਾਸੋਂ ਲਈ। ਲਗਭਗ 10 ਸਾਲ ਭਾਈ ਮੁਖਤਿਆਰ ਸਿੰਘ ਜੀ ਉਸਤਾਦ ਤੀਬਰ ਸਾਹਿਬ ਪਾਸੋਂ ਗੁਰਬਾਣੀ ਕੀਰਤਨ ਤੇ ਤਬਲੇ ਦੀ ਤਾਲੀਮ ਪ੍ਰਾਪਤ ਕਰਕੇ ਨਿਪੁੰਨ ਕੀਰਤਨੀਏ ਤੇ ਟਕਸਾਲੀ ਤਬਲਾ ਵਾਦਕ ਬਣ ਗਏ। ਤਬਲੇ ਦੇ ਖੇਤਰ ਵਿਚ ਆਪ ਜੀ ਨੇ ਬਹੁਤ ਪ੍ਰਸਿੱਧੀ ਹਾਸਲ ਕੀਤੀ। ਵੱਡੇ-ਵੱਡੇ ਸੰਗੀਤਕਾਰ, ਕੀਰਤਨੀਏ, ਇਨ੍ਹਾਂ ਦੇ ਤਬਲਾ ਵਾਦਨ ਤੋਂ ਪ੍ਰਭਾਵਿਤ ਹੁੰਦੇ ਰਹੇ।

ਕੁਝ ਸਮਾਂ ਆਪ ਨੇ ਰਾਗੀ ਜਸਵੰਤ ਸਿੰਘ ਜੀ 'ਤੀਬਰ' ਅਤੇ ਦਮਦਮੀ ਟਕਸਾਲ ਦੇ ਪ੍ਰਸਿੱਧ ਕੀਰਤਨੀਏ ਭਾਈ ਰਾਮ ਸਿੰਘ ਜੀ (ਜੋ ਅੱਜਕੱਲ੍ਹ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਰਨਲ ਸਕੱਤਰ ਹਨ) ਤੇ ਭਾਈ ਗੁਰਸ਼ਰਨ ਸਿੰਘ ਜੀ ਨਾਲ ਤਬਲੇ 'ਤੇ ਸੰਗਤ ਕਰਦੇ ਰਹੇ।

1980 ਵਿਚ ਬਾਬਾ ਮੁਖੀ ਜੀ ਨੇ ਗੁ. ਅੰਗੀਠਾ ਸਾਹਿਬ ਮਸਤੂਆਣਾ ਵਿਖੇ ਕੀਰਤਨ ਦੀ ਡਿਊਟੀ ਅਰੰਭ ਕਰ ਦਿੱਤੀ ਅਤੇ ਵਿਦਿਆਲੇ ਵਿਚ ਕੀਰਤਨ ਤਬਲਾ ਸਿਖਾਉਣ ਦੀ ਸੇਵਾ ਕੀਤੀ।

1981 ਵਿਚ ਪਿੰਡ ਕੱਕੜਵਾਲ ਦੀ ਸੰਗਤ ਨੇ ਆਪ ਜੀ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਦਿੱਤੀ।

ਪਿੰਡ ਕੱਕੜ ਵਾਲ (ਧੂਰੀ) ਵਿਖੇ ਅਨੇਕਾਂ ਪ੍ਰੇਮੀਆਂ ਨੂੰ ਗੁਰੂ ਘਰ ਨਾਲ ਜੋੜਿਆ। ਗੁਰਬਾਣੀ ਦੀ ਸੰਥਿਆ ਕਰਵਾਈ ਤੇ ਕੀਰਤਨ ਤਬਲਾ ਤੇ ਮਾਸਟਰ ਵਿਦਿਆ ਦੀ ਸਿਖਲਾਈ ਪ੍ਰਦਾਨ ਕੀਤੀ।

ਦਾਸ ਨੇ ਵੀ ਇਥੇ ਹੀ ਇਨ੍ਹਾਂ ਦੇ ਚਰਨਾਂ ਵਿਚ ਰਹਿ ਕੇ ਗੁਰਮਤਿ ਸੰਗੀਤ ਦੀ ਦਾਤ ਪ੍ਰਾਪਤ ਕੀਤੀ ਹੈ। 1982 ਵਿਚ ਬਾਬਾ ਮੁਖਤਿਆਰ ਸਿੰਘ ਜੀ, ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਵਿਚ ਭਰਤੀ ਹੋ ਗਏ। ਆਪ ਜੀ ਦੀ ਨਿਯੁਕਤੀ ਗੁ. ਟੁਟੀ ਗੰਢੀ ਸ੍ਰੀ ਮੁਕਤਸਰ ਸਾਹਿਬ ਵਿਖੇ ਭਾਈ ਬਲਬੀਰ ਸਿੰਘ ਜੀ ਦੇ ਜਥੇ ਨਾਲ ਬਤੌਰ ਤਬਲਾ ਵਾਦਕ ਹੋਈ।

ਕੁਝ ਸਮੇਂ ਬਾਅਦ ਆਪ ਜੀ ਦੀ ਬਦਲੀ ਸ੍ਰੀ ਅੰਮ੍ਰਿਤਸਰ ਵਿਖੇ ਹੋ ਗਈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ੂਰੀ ਰਾਗੀ ਭਾਈ ਬੰਤਾ ਸਿੰਘ ਜੀ ਨਾਲ ਸਹਾਇਕ ਰਾਗੀ ਤੌਰ 'ਤੇ ਸੇਵਾ ਕਰਦੇ ਰਹੇ।

ਦਮਦਮੀ ਟਕਸਾਲ ਦੇ ਪ੍ਰਸਿੱਧ ਕੀਰਤਨੀਏ ਭਾਈ



Sri Satguru Jagjit Singh Ji Elibrary NamdhariElibrary@gmail.com

ਗੁਰਸ਼ਰਨ ਸਿੰਘ ਜੀ ਨਾਲ ਤਬਲੇ ਤੇ ਕਾਫੀ ਸਮਾਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਰਤਨ ਸੇਵਾ ਕਰਦੇ ਰਹੇ। ਉਸ ਵਕਤ ਇਨ੍ਹਾਂ ਦੇ ਜਥੇ ਦੀ ਬਹੁਤ ਪ੍ਰਸਿੱਧੀ ਸੀ। ਦੂਰ ਦੁਰਾਡੇ ਸੰਗਤਾਂ ਜਥੇ ਨੂੰ ਗੁਰਮਤਿ ਸਮਾਗਮਾਂ ਤੇ ਕੀਰਤਨ ਦਰਬਾਰਾਂ ਵਿਚ ਬੁਲਾਂਦੀਆਂ। ਜਲੰਧਰ ਰੇਡੀਓ ਤੋਂ ਇਨ੍ਹਾਂ ਦੇ ਗਾਇਨ ਕੀਤੇ ਸ਼ਬਦ ਬਹੁਤ ਪਾਪੂਲਰ ਹੋਏ। ਹਰਿ ਬਿਨ ਰਹਿ ਨਾ ਸਕੈ ਮਨ ਮੇਰਾ॥ ਇਹ ਸ਼ਬਦ ਬਹੁਤ ਪ੍ਰਸਿੱਧ ਹੋਇਆ। ਬਾਬਾ ਜੀ ਸ੍ਰੀ ਦਰਬਾਰ ਸਾਹਿਬ ਕੀਰਤਨ ਸੇਵਾ ਦੌਰਾਨ ਅਮਰ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਸੇਵਾ ਵਿਚ ਵੀ ਹਿੱਸਾ ਲੈਂਦੇ। ਟਕਸਾਲ ਦੀਆਂ ਪੰਥਕ ਸਰਗਰਮੀਆਂ ਵਿਚ ਵੀ ਯੋਗਦਾਨ ਪਾਉਂਦੇ। ਮਹਾਂਪੁਰਖਾਂ ਦੇ ਅੰਗ ਰੱਖਿਅਕ ਬਣ ਕੇ ਸੇਵਾ ਕਰਦੇ। ਜੂਨ 1984 ਦੇ ਘੱਲੂਘਾਰੇ ਸਮੇਂ ਫੌਜ ਨੇ ਇਨ੍ਹਾਂ ਨੂੰ ਦਰਬਾਰ ਸਾਹਿਬ ਵਿਚੋਂ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਜੇਲ੍ਹ, ਅਜਮੇਰ ਜੇਲ੍ਹ, ਜੋਧਪੁਰ ਆਦਿ ਜੇਲ੍ਹਾਂ ਵਿਚ 5 ਸਾਲ ਕੈਦ ਰੱਖਿਆ।

ਜੇਲ੍ਹ ਯਾਤਰਾ ਦੌਰਾਨ ਇਨ੍ਹਾਂ ਨੂੰ ਬੇਅੰਤ ਤਸੀਹੇ ਦਿੱਤੇ ਗਏ। ਅੰਤ 1989 ਵਿਚ ਰਿਹਾਈ ਹੋਈ। ਰਿਹਾਈ ਉਪਰੰਤ ਆਪ ਜੀ ਫਿਰ ਕੀਰਤਨ ਸੇਵਾ ਵਿਚ ਜੁਟ ਗਏ ਤੇ ਡਿਊਟੀ 'ਤੇ ਹਾਜ਼ਰ ਹੋ ਗਏ। ਬਤੌਰ ਹੈਡ ਰਾਗੀ ਗੁ. ਗੁਰ ਤੇਗ ਬਹਾਦਰ ਜੀ ਬੁੜਾ ਸਾਹਿਬ ਵਿਖੇ ਕੀਰਤਨ ਕਰਨ ਦੀ ਸੇਵਾ ਲੱਗੀ। ਕੁਝ ਸਮਾਂ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਫਿਰ ਇਨ੍ਹਾਂ ਦੀ ਸੇਵਾ ਗੁ. ਡੇਰਾ ਬਾਬਾ ਅਜਪਾਲ ਸਿੰਘ ਜੀ (ਗੁ. ਘੋੜਿਆਂ ਵਾਲਾ) ਨਾਭਾ ਵਿਖੇ ਲੱਗੀ ਨਾਭਾ ਇਲਾਕੇ ਵਿਚ ਆਪ ਜੀ ਦਾ ਬਹੁਤ ਮਾਨ ਸਨਮਾਨ ਹੈ। ਇਲਾਕੇ ਦੀ ਉਨਤੀ ਤੇ ਪੰਥਕ ਕਾਰਜਾਂ ਲਈ ਆਪ ਜੀ ਹਮੇਸ਼ਾਂ ਹੀ ਤੱਤਪਰ ਰਹਿੰਦੇ ਹਨ। ਇਥੇ ਆਪ ਜੀ ਨੇ ਅਨੇਕਾਂ ਪ੍ਰਾਣੀਆਂ ਨੂੰ ਪ੍ਰੇਰ ਕੇ ਅੰਮ੍ਰਿਤ ਛਕਾਇਆ ਸੈਂਕੜੇ ਪ੍ਰਾਣੀਆਂ ਨੂੰ ਗੁਰਬਾਣੀ ਦੀ ਸੰਥਿਆ ਤੇ ਕੀਰਤਨ, ਤਬਲਾ ਸਿਖਾਇਆ।

ਸ਼ਾਸਤਰ ਵਿਦਿਆ ਵਿਚ ਬਾਬਾ ਜੀ ਬੜੇ ਮਾਹਿਰ ਹਨ। ਗਤਕੇ ਦੇ ਚੰਗੇ ਜੌਹਰ (ਕਰਤੱਬ) ਦਿਖਾਉਂਦੇ ਹਨ। ਨਾਭਾ ਵਿਖੇ ਰਣਜੀਤ ਅਖਾੜਾ ਅਰੰਭ ਕਰਕੇ ਆਪ ਜੀ ਗੁਰਸਿਖਾਂ ਨੂੰ ਸ਼ਾਸਤਰ ਵਿਦਿਆ ਦੀ ਸਿਖਲਾਈ ਦਿੰਦੇ ਰਹੇ। ਧਰਮ ਕਾਰਜਾਂ, ਸਮਾਜ ਸੁਧਾਰਕ ਕੰਮਾਂ ਲੋਕ ਭਲਾਈ ਦੇ ਕਾਰਜਾਂ ਵਿਚ ਆਪ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। 1996 ਵਿਚ ਅਤੇ 2004 ਵਿਚ ਇਨ੍ਹਾਂ ਨੇ ਪੰਥਕ ਮੋਰਚੇ ਵਲੋਂ ਸ਼੍ਰੋਮਣੀ ਕਮੇਟੀ ਦੀ ਇਲੈਕਸ਼ਨ ਲੜੀ। ਦੇਸ਼ਾਂ ਵਿਦੇਸ਼ਾਂ ਵਿਚ ਸਿੱਖ ਸੇਵਾ ਸੁਸਾਇਟੀਆਂ ਵਲੋਂ ਕਈ ਵਾਰ ਆਪ ਜੀ ਪੰਥਕ ਸੇਵਾ ਤੇ ਕੀਰਤਨ ਸੇਵਾ ਸਦਕਾ ਸਨਮਾਨਿਤ ਕੀਤਾ ਹੈ।

ਕੀਰਤਨ ਪ੍ਰਚਾਰ ਲਈ ਆਪ ਜੀ ਕਈ ਵਾਰ ਕਨੇਡਾ, ਇੰਗਲੈਂਡ, ਜਰਮਨ, ਸਿੰਘਾਪੁਰ, ਮਲੇਸ਼ੀਆ, ਮਨੀਲਾ ਆਦਿ ਦੇਸ਼ਾਂ ਵਿਚ ਗਏ। 1998 ਤੋਂ ਆਪ ਜੀ ਪੱਕੇ ਤੌਰ 'ਤੇ ਪਰਿਵਾਰ ਸਮੇਤ ਅਮਰੀਕਾ ਵਿਖੇ ਰਹਿ ਰਹੇ ਹਨ। ਕੀਰਤਨ ਖੇਤਰ ਵਿਚ ਬਾਬਾ ਜੀ ਸ਼੍ਰੋਮਣੀ ਰਾਗੀ ਭਾਈ ਬਖਸ਼ੀਸ਼ ਸਿੰਘ ਤੇ ਸ਼੍ਰੋਮਣੀ ਰਾਗੀ ਭਾਈ ਉਤਮ ਸਿੰਘ 'ਪਤੰਗ' ਅਤੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ, ਭਾਈ ਹਰੀ ਸਿੰਘ, ਭਾਈ ਗੁਰਮੇਲ ਸਿੰਘ ਜੀ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹਨ।

ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਬਾਬਾ ਜੀ ਨੂੰ ਹਮੇਸ਼ਾਂ ਚੜ੍ਹਦੀਆਂ ਕਲਾ ਬਖਸ਼ਣ ਤਾਂ ਜੋ ਆਪ ਗੁਰੂ ਘਰ ਦੀ, ਗੁਰੂ ਪੰਥ ਦੀ ਸੇਵਾ ਕਰਦੇ ਰਹਿਣ।

Phone : (O) 011-23312440
Resi. : 011-25721753

**Sawhney Cloth House**

46, Shanker Market, Connaught Circus, New Delhi - 110 001



Sri Satguru Jagjit Singh Ji Elibrary NamdhariElibrary@gmail.com

## ਸੁਣੀ ਵੇ ਲਾਲੋ, ਸੁਣੀ ਵੇ ਭਾਗੋ

ਮਨਮੋਹਨ ਸਿੰਘ ਦਾਊਂ : 280, ਫੇਜ਼ 6, ਮੋਹਾਲੀ

ਜਦੋਂ ਸ਼ਬਦ-ਬਾਣੀ ਦਾ
ਪ੍ਰਥਮ ਪ੍ਰਕਾਸ਼ ਹੋਇਆ
ਵਾਕ ਆਇਆ.....
ਚਿੰਤਨ ਉਦੇ ਹੋਇਆ।
ਨਾ ਭੀੜ ਸੀ
ਨਾ ਲੋੜ ਸੀ
ਸ਼ਰਧਾਲੂ ਸਨ
ਦਿਆਲੂ ਸਨ,
ਕਰਮੀ ਸਨ
ਧਰਮੀ ਸਨ,
ਸ਼ਰਧਾ ਵਿਚ ਮਗਨ ਸਨ।
ਮੈਲ ਧੋਈ ਜਾ ਰਹੀ ਸੀ
ਸਚਿਆਰਾ ਬਣਿਆ ਜਾ ਰਿਹਾ ਸੀ।
ਅੰਦਰ ਠਹਿਰ ਸੀ
ਅਮਲ ਸੀ,
ਸ਼ਬਦ ਸੁਣਿਆ ਜਾ ਰਿਹਾ ਸੀ
ਚਾਨਣ ਹੁੰਦਾ ਜਾ ਰਿਹਾ ਸੀ।
ਧੰਨ-ਧੰਨ ਗੁਰੂ ਸਨ
ਧੰਨ ਮੀਤ ਜਿਹੇ ਮੁਰੀਦ ਸਨ।
ਨਾ ਸੁਨਹਿਰੀ ਜਲੌਅ ਸੀ
ਨਿਰਵੈਰੁ ਤੇ ਨਿਰਭਉ ਸੀ।
ਸਾਦਗੀ-ਸੁਹਿਰਦਤਾ
ਇੱਕ-ਮਿੱਕ ਸਨ,
ਨਾ ਬਣਾਉਟੀ ਫੁੱਲ ਸਨ।
ਨਾ ਚਮਕ ਸੀ
ਨਾ ਦਮਕ ਸੀ।
ਕੇਵਲ ਸ਼ਬਦ ਦਾ ਹੀ ਜਾਪ ਸੀ
ਗੁਰੂ ਵੱਡ-ਪ੍ਰਤਾਪ ਸੀ।
ਚੌਰ ਕੌਣ ਕਰ ਰਿਹਾ ਸੀ
ਤਾਬੇ ਕੌਣ ਬੈਠਿਆ ਸੀ।
ਕਿਹਾ ਜਿਹਾ ਚੰਦੋਆ ਸੀ।
ਪਾਲਕੀ ਨੂੰ ਕਿਸ ਮੋਢਾ ਲਾਇਆ ਸੀ,
ਬੱਸ -
ਸ਼ਬਦ ਦਾ ਧਿਆਨ ਸੀ
ਗੋਸ਼ਟ ਤੇ ਗਿਆਨ ਸੀ।
ਵਿਚਾਰ ਤੇ ਵਿਹਾਰ ਸੀ
ਹਿਰਦੇ ਇਕ ਓਂਕਾਰ ਸੀ।
ਸਿੱਖ, ਸ਼ਬਦ ਲੀਨ ਸੀ
ਨਾ ਦੀਨ ਸੀ
ਨਾ ਮੀਨ ਸੀ।
ਚੜ੍ਹਾਵੇ ਦੀ ਨਾ ਸ਼ਰਤ ਸੀ
ਨਾ ਸੋਨ-ਪੱਤੀ ਜੜਤ ਸੀ।
ਨਾ ਗੋਲਕ ਸੀ
ਨਾ ਸ਼ੁਹਰਤ ਸੀ,
ਬੱਸ, ਇੱਕੋ ਅਰਦਾਸ ਸੀ
ਸੁਮੱਤ ਲਈ
ਪੱਤ ਲਈ
ਸਰਬ-ਸੁੱਖ ਹੱਕ ਲਈ।
............................
............................
ਸਾਰਾ ਕੁਝ ਗੁੰਮ ਗਿਆ
ਸ਼ਬਦ ਸੋਚੀਂ ਸੁੰਨ ਪਿਆ।
ਚਕਾਚੌਂਧ ਪਸਰ ਗਿਆ।
ਭੀੜ ਵਿਚੋਂ ਕਿਵੇਂ ਅੱਗੇ ਲੰਘ ਹੋਵੇ
ਕਿਵੇਂ ਤਾਬੇ ਬੈਠ ਹੋਵੇ
ਕਿਵੇਂ ਚੌਰ ਚੁੱਕ ਹੋਵੇ
ਕਿਵੇਂ ਉਚੀ ਠੁੱਕ ਹੋਵੇ।
ਸੱਤਾ ਕਿਵੇਂ ਹਸਤ ਆਵੇ
ਗੋਲਕ ਕਿਵੇਂ ਸਜਾਈ ਜਾਵੇ,
ਸ਼ਬਦ ਨਾਲੋਂ
ਸੋਨਾ ਹੀ ਪ੍ਰਧਾਨ ਹੋਵੇ,
ਸ਼ਤਾਬਦੀਆਂ ਦਾ ਦੌਰ ਹੋਵੇ
ਲੱਖ ਤੋਂ ਕਰੋੜ ਹੋਵੇ,
ਆਪਾ ਮਾਲਾ ਮਾਲ ਹੋਵੇ
ਪੰਥ ਨਾ ਸਿਆਣ ਹੋਏ
ਵਿਰਸਾ ਨਾ ਪਛਾਣ ਹੋਵੇ।
ਆਪਣੀ ਹੀ ਸਰਕਾਰ ਹੋਵੇ
ਮਾਇਆ ਦਾ ਪ੍ਰਚਾਰ ਹੋਵੇ,
ਸੋਨ-ਗੁੰਬਦ ਤਿਆਰ ਹੋਵੇ।
ਰਿਹਾ ਨਾ ਈਮਾਨ ਲਾਲੋ
ਭਾਗੋ ਹੈ ਪ੍ਰਧਾਨ ਲਾਲੋ॥



Sri Satguru Jagjit Singh Ji Elibrary NamdhariElibrary@gmail.com

## MARRIAGE EXTRAVAGANZA! (LET US AVOID IT)

Col. A.S. Rattan : #228, Sector: 16-A, Chandigarh'

In sikh religion the marriage is solemnized by just 4 *Lawans/Pheres* as given in the holy Granth Sahib. It is a simple affair of 20-30 minutes. The celebrations are before and after the wedding.

The simple affair of marriage has been made complex with miyriad of functions starting few days before and finishing many days after the wedding. Lavish parties at farm houses, clubs and marriage palaces is the order of the day; Every body is there to out do the neighbour or a friend or a relative in holding number of functions and lavish spending of money. It starts with Packet of dry fruits or sweets with the invitation card and ends with free flow of booze and chicken/meat. The emphasis is on spending lavishly as a show-off of status& wealth. In recent years the whole thing has acquired an unacceptable level of brash display of wealth. The actual marriage ceremony the *Anand Karaj* is just glossed over, casually, without worrying about place or timings. (Earlier it was considered proper to finish *Anand Karaj* before 12.00 am. Now a days there is no such obligation considered.)

A heavy breakfast for the *Barat* continues till 1pm or ever 2 pm. Lunch after the *Anand Karaj* continues to 4-5 pm with free flow of liquor and meat-fish-chicken. Celebration of marriage is in order but these days it has become a display of wealth and status. The money spent on these lavish functions will be better utilized if given to the boy-girl, providing financial security.

I had the privilege of attending a Sikh wedding at the venerable *Paonta Sahib*. Wedding apart, the great attraction was to visit. *Paonta Sahib* Gurdwara. Even before the visit, the very mention of *Paonta Sahib* lifted ones spirit, knowing fully well that it was at *Paonta Sahib* that our great Guru Gobind Singh ji spend 4,1/2 years of his life. The place is beautiful and has an aura of peace & tranquility about itself, a sure boon granted by the 10th Guru, to the place.

Unlike the usual Sikh wedding in big and small cities, this wedding was like a whiff of fresh and fragrant breeze. The solemn part of marriage i.e. *Lawan-Phere*; were performed in the ambrosial morning atmosphere of *Paounta Sahib* Gurdwara between 8.00 and 9.00 am. Everybody, including the bride & the groom looked fresh. Everyone enjoyed the *Kirtan* and 'real ' act of marriage, The *Anand Karaj*. The solemnity of the occasion was maintained because the *Barat* had assembled directly at the Gurdwara Sahib without band playing and groom riding a horse. The occasion was a sobre one as



Sri Satguru Jagjit Singh Ji Elibrary NamdhariElibrary@gmail.com

demanded by the place and time.

During the *Lawan-Phera* proper decorum was observed by not supporting the bride while moving, not showering flower petals on the couple and not giving *shagun* to the couple in front of the holy *Granth Sahib.* All these ceremonies were, rightly performed outside the Gurudwara Sahib. From Gurudwara Sahib, after the marriage, the marriage party went for refreshments/breakfast and lunch etc to another place fixed. It was a wonderful experience to attend this wedding.

A marriage by Sikh rites is performing 4 Lawans in presence and around the Holy *Granth Sahib.* It is a very solemn and holy act, which must be given its due respect, priority and maintained as a solemn occasion. The celebration are a must but within the bounds of dignity and decency. The functions must be as per Sikh *maryada.*

We need to bring in major reforms in this very import aspect of life of Sikh community. Marriages must be performed as per Sikh *maryada* in a simple dignified manner. Our Guru's in their wisdom, included the ceremoney of *Anand Karj* in the holy Granth Sahib, perhaps to cut down on these uncalled for functions.

The matter needs attention from the Sikh clergy in bringing home to the Sikh community at large. This topic must be emphasised at all congregations till it takes effect for the better.

ਡਾ. ਜਾਗੀਰ ਸਿੰਘ ਜੀ ਦੀਆਂ ਦੋ ਮਹੱਤਵਪੂਰਨ ਪੁਸਤਕਾਂ

▲ ਫਰੀਦ ਬਾਣੀ : ਸੰਗੀਤਕ ਪਰਿਪੇਖ

▲ ਕਾਵਿ ਅਤੇ ਸੰਗੀਤ : ਗੁਰਬਾਣੀ ਪਰਿਪੇਖ

ਪੰਜਾਬੀ ਪਬਲੀਕੇਸ਼ਨ

412/7, ਸੈਫਾਬਾਦੀ ਗੇਟ, ਪਟਿਆਲਾ 147 001 (ਪੰਜਾਬ)

ਫੋਨ : 0175 2202740

ਭਗਤਿ ਗੁਰ ਸੇਵਾ ਤਰਨਾ ॥ ਬਾਹਤਿ ਜਨਮੁ ਨ ਹੋਇ ਹੈ ਮਰਣਾ ॥

ਸੇਵਕਸ' ਚੈਰੀਟੇਬਲ ਟਰਸਟ (ਰਜਿ.)

**Sewaks' Charitable Trust (Regd.)**

Office : SCO : 1104-05, First Floor, Sector: 22-B, Chandigarh - 160 022

Tel.: 0172-2701238, 2713915, 2783986, 2612412 Fax: 0172-2710739, 2655821

e-mail: sewaks@usa.net - website: www.sewaks.faithweb.com

IN THE SERVICE OF HUMANITY



Sri Satguru Jagjit Singh Ji Elibrary NamdhariElibrary@gmail.com

## ਸੁਰ ਲਿਪੀ

ਪ੍ਰਿੰ. ਦਿਆਲ ਸਿੰਘ : ਗੁਰਮਤਿ ਸੰਗੀਤ ਵਿਦਿਆਲਾ, ਗੁਰਦੁਆਰਾ ਰਕਾਬ ਗੰਜ, ਨਵੀਂ ਦਿੱਲੀ

*ਰਾਗੁ ਬਸੰਤ ਹਿੰਡੋਲ*

**ਵਾਦੀ:** ਤਾਰ ਸਪ: ਸਂ ਠਾਟ: ਮਾਰਵਾ **ਸਮਾਂ:** ਬਸੰਤ ਰੁਤ ਜਾਂ (ਰਾਤ ਦਾ ਤੀਜਾ ਪਹਿਰ)

**ਸੰਵਾਦੀ:** ਸ਼ੁੱਧ ਮੱਧਮ **ਜਾਤੀ:** ਓੜਵ-ਖਾਡਵ

**ਵਿਸ਼ੇਸ਼:** ਸ-ਮ, ਤੇ ਮੱ-ਨ, ਦੀ ਸੁਰ-ਸੰਗਤੀ ਅਤੇ ਦੋਵੇਂ ਮੱਧਮਾਂ ਦਾ ਪ੍ਰਯੋਗ।

**ਆਰੋਹ:** ਸ ਗ, ਮੱ ਧ, ਨਮੇ ਧ, ਸਂ। **ਅਵਰੋਹ:** ਸਂ ਨ ਧ, ਮੇਗ, ਮੇਗ ਰੁਸ।

**ਪਕੜ:** ਮੇਧ ਸਂ, ਨਧਨਮੇਧ, ਮੇਗ, ਮੇਗ-ਸ, ਸਮ-ਮੇਮ ਮੇਮਗ, ਨਧ, ਮੇਗ, ਮੇਗਰੁਸ।

ਰੂਪਕ ਤਾਲ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| x | | | 1 | | 2 | | x | | | 1 | | 2 | |
| **ਸਥਾਈ** | | | | | | | | | | | | ਧ | |
| | | | | | | | | | | | | ਮੇ | ਧ |
| | | | | | | | | | | | | *ਸੁਆ* | *ਮੀ* |
| | | | | | | | | | | | | ਧ | |
| ਸਂ | - | ਨਰੁਂ | ਸਂ | - | ਸਂ | ਸਂ | ਨ | ਧ | ਨ | ਧ | ਮੇ | ਮੇ | ਧ |
| *ਪੰ* | *ऽ* | *ਡਿऽ* | *ਤਾ* | *ऽ* | *ਤੁ* | *ਮ* | *ਦੇ* | *ਹੁ* | *ਮ* | *ਤੀ* | *ऽ* | *ਸੁਆ* | *ਮੀ* |
| ਸਂ | - | ਨ | ਸਂ | - | ਸਂ | ਸਂ | ਨ | ਧ | ਨ | ਧ | - | ਮੇ | - |
| *ਪੰ* | *ऽ* | *ਡਿ* | *ਤਾ* | *ऽ* | *ਤੁ* | *ਮ* | *ਦੇ* | *ਹੁ* | *ਮ* | *ਤੀ* | *ऽ* | - | *ऽ* |
| ਗ | ਗ | ਗ | ਮੇ | ਧ | ਮੇ | ਗ | ਮੇ | ਗ | ਰੁ | ਸ | - | - | |
| ਕਿਨ | ਬਿ | ਧਂ | ਪਾ | *ऽ* | *ਵਉ* | *ऽ* | *ਪ੍ਰਾ* | *ਨ* | *ਪ* | *ਤੀ* | *ऽ* | *ਸੁਆਮੀ* | |
| **ਅੰਤਰਾ** | | | | | | | | | | | | | |
| ਮੇ | | | ਧ | | | | | | | | | | |
| ਗ | - | ਗ | ਮੇ | - | ਧ | ਧ | ਸਂ | ਸਂ | ਸਂਨ | ਰੁਂ | ਸਂ | ਸਂ | - |
| *ਰਾ* | *ऽ* | *ਜਾ* | *ਬਾ* | *ऽ* | *ਲ* | *ਕ* | *ਨ* | *ਗ* | *ਰੀऽ* | *ਕਾ* | *ऽ* | *ਚੀ* | *ऽ* |
| ਗਂ | ਗਂ | ਮੈਂ | ਗਂ | - | ਸਂ | ਸਂ | ਸਂ | - | - | ਨ | - | ਧ | - |
| *ਦੁ* | *ऽਸ* | *ਟਾ* | *ਨਾ* | *ऽ* | *ਲ* | *ਪਿ* | *ਆ* | *ऽ* | *ऽ* | *ਰੋ* | *ऽ* | *ऽ* | *ऽ* |
| ਮੇ | ਗ | ਗ | ਮੇ | ਧ | ਮੇ | ਗ | ਮੇ | ਗ | ਰੁ | ਸ | ਸ | ਸ | - |
| *ਦੁ* | *ਇ* | *ਮਾ* | *ਈ* | *ऽ* | *ਦੁ* | *ਇ* | *ਬਾ* | *ऽ* | *ਪਾ* | *ਪ* | *ੜੀ* | *ਅਹਿ* | *ऽ* |
| | | | | | | | | | | | | ਧ | |
| ਸ | ਮ | ਮ | ਮ | ਮ | - | ਮ | ਮ | ਮੇ | ਮ | ਗ | - | ਮੇ | ਧ |
| ਪੰ | ਡਿ | ਤ | ਕ | ਰਹੁ | *ऽ* | *ਬੀ* | *ਚਾ* | *ऽ* | *ऽ* | *ਰੋ* | *ऽ,* | *ਸੁਆਮੀ* | |

(Antra row "ਗਂ – ਸਂ" in columns 4–6 is joined by a line above.)



Sri Satguru Jagjit Singh Ji Elibrary NamdhariElibrary@gmail.com

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| ਬਸੰਤ ਹਿੰਡੋਲ ਮਹਲਾ ੧ | Basant Hindol 1st Guru. | ਬਸੰਤ ਹਿੰਡੋਲ ਪਹਿਲੀ ਪਾਤਿਸ਼ਾਹੀ। |
|---|---|---|
| ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ | The city is frail and the king is a boy who loves the wicked. | ਸ਼ਹਿਰ ਕਮਜ਼ੋਰ ਹੈ ਤੇ ਪਾਤਿਸ਼ਾਹ ਬੱਚਾ ਹੈ, ਜਿਸ ਦੀ ਲੰਡਰਾਂ-ਲੁਚਰਾਂ ਨਾਲ ਮੁਹੱਬਤ ਹੈ। |
| ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥ | He reads of his two mothers and two fathers. O Pandit, reflect thou on this. | ਉਹ ਆਪਣੀਆਂ ਦੋ ਅੰਮੜੀਆਂ ਤੇ ਦੋ ਬਾਬਲਾਂ ਬਾਰੇ ਪੜ੍ਹਦਾ ਹੈ। ਹੇ ਪੰਡਤ! ਤੂੰ ਇਸ ਦੀ ਸੋਚ ਵਿਚਾਰ ਕਰ। |
| ਸੁਆਮੀ ਪੰਡਿਤਾ ਤੁਮ ਦੇਹੁ ਮਤੀ ॥ | O sire pandit, instruct thou me. | ਹੇ ਪੰਡਤ ਸਾਹਿਬ! ਤੂੰ ਮੈਨੂੰ ਸਿਖਮਤ ਦੇ। |
| ਕਿਨ ਬਿਧ ਪਾਵਉ ਪ੍ਰਾਨ ਪਤੀ ॥ | What is the way, by which I can attain unto the Lord of Life? | ਉਹ ਕਿਹੜਾ ਤਰੀਕਾ ਹੈ, ਜਿਸ ਦੁਆਰਾ ਮੈਂ ਜਿੰਦਜਾਨ ਦੇ ਸੁਆਮੀ ਨੂੰ ਪ੍ਰਾਪਤ ਹੋ ਸਕਦਾ ਹਾਂ? |
| ਰਹਾਉ ॥ | Pause. | ਠਹਿਰਾਉ। |
| ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ | The vegetation flowers, though within it is fire and the ocean is bound as if in a bundle. | ਨਬਾਤਾਤ ਪ੍ਰਫੁਲਤ ਹੋ ਰਹੀ ਹੈ, ਭਾਵੇਂ ਇਸ ਦੇ ਅੰਦਰ ਅੱਗ ਹੈ ਤੇ ਸਮੁੰਦਰ ਪੰਡ ਵਿਚ ਬੱਝੇ ਹੋਏ ਦੀ ਤਰ੍ਹਾਂ ਹੈ। |
| ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥ | The sun and the moon both abide in the same sky home. Thou hast obtained not such knowledge. | ਸੂਰ ਅਤੇ ਚੰਦਰਮਾਂ ਦੋਨੋਂ ਅਸਮਾਨ ਦੇ ਉਸੇ ਹੀ ਧਾਮ ਅੰਦਰ ਵਸਦੇ ਹਨ। ਤੈਨੂੰ ਐਹੋ ਜੇਹੀ ਗਿਆਤ ਪ੍ਰਾਪਤ ਨਹੀਂ ਹੋਈ। |
| ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ | Whosoever eats up the one mammon; he deems the Lord pervading all over. | ਜੇ ਕੋਈ ਇਕ ਮਾਇਆ ਨੂੰ ਖਾ ਜਾਂਦਾ ਹੈ, ਉਹ ਸੁਆਮੀ ਨੂੰ ਸਾਰੇ ਵਿਆਪਕ ਜਾਣਦਾ ਹੈ। |
| ਤਾਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥ | Know that the attribute of such a man is that he amasses the wealth of compassion. | ਜਾਣ ਲੈ ਕਿ ਐਹੋ ਜੇਹੇ ਇਨਸਾਨ ਦਾ ਲਛਣ ਇਹ ਹੈ ਕਿ ਉਹ ਰਹਿਮਤ ਦੀ ਦੌਲਤ ਨੂੰ ਇਕੱਤਰ ਕਰਦਾ ਹੈ। |
| ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨਾਹੀ ਸੇਤੀ ਵਾਸਾ ॥ | The mind lives with those who listen not to advice and admit not what they eat. | ਮਨ ਉਨ੍ਹਾਂ ਨਾਲ ਵਸਦਾ ਹੈ ਜੋ ਨਸੀਹਤ ਨੂੰ ਨਹੀਂ ਸੁਣਦੇ ਅਤੇ ਖਾਧੇ ਪੀਤੇ ਨੂੰ ਨਹੀਂ ਮੰਨਦੇ। |
| ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥ | Prays Nanak, the slave of the Lord's slave, such is the mind that in a moment, it is great and in another moment small. | ਸੁਆਮੀ ਦੇ ਗੋਲਿਆਂ ਦਾ ਗੋਲਾ ਨਾਨਕ ਬਿਨੈ ਕਰਦਾ ਹੈ, ਐਹੋ ਜੇਹਾ ਹੈ ਮਨ ਕਿ ਇਕ ਮੁਹਤ ਵਿਚ ਇਹ ਵੱਡਾ ਹੋ ਜਾਂਦਾ ਹੈ ਤੇ ਇਕ ਮੁਹਤ ਵਿਚ ਛੋਟਾ। |

**THE SIKH REVIEW**

**(A Monthly Magazine)**

**116, Karnani Mansion**
**25-A, Park Street, Kolkata**



Sri Satguru Jagjit Singh Ji Elibrary NamdhariElibrary@gmail.com

# 'ਅੰਮ੍ਰਿਤ ਕੀਰਤਨ' ਸਵੱਰ ਲਿਪੀ ਵੇਰਵਾ - 2004

ਹਰਿਭਜਨ ਸਿੰਘ : 1246, ਸੈਕਟਰ 22-ਬੀ, ਚੰਡੀਗੜ੍ਹ

| ਮਹੀਨਾ | ਰਾਗ - ਤਾਲ | ਸ਼ਬਦ | ਲਿਪੀਕਾਰ |
|---|---|---|---|
| ਜਨਵਰੀ | ਟੋਡੀ - ਇਕਤਾਲ | ਕਉਨ ਕੋ ਕਲੰਕ ਰਹਿਓ | ਸ. ਗਿਆਨ ਸਿੰਘ ਐਬਟਾਬਾਦ |
| | ਬਿਹਾਗੜਾ - ਤੀਨਤਾਲ | ਪ੍ਰਗਟੇ ਗੁਪਾਲ ਗੋਬਿਦ ਲਾਲਨ | ਸ. ਗਿਆਨ ਸਿੰਘ ਐਬਟਾਬਾਦ |
| | ਬਿਹਾਗੜਾ - ਤੀਨਤਾਲ | ਅਤਿ ਪ੍ਰੀਤਮ ਮਨ ਮੋਹਨਾ | ਸ. ਗਿਆਨ ਸਿੰਘ ਐਬਟਾਬਾਦ |
| ਫਰਵਰੀ | ਵਡਹੰਸ - ਦਾਦਰਾ | ਮਿਲਿ ਜਲੁ ਜਲਹਿ ਖਟਾਨਾ | ਸ. ਗਿਆਨ ਸਿੰਘ ਐਬਟਾਬਾਦ |
| | ਵਡਹੰਸ - ਚੰਚਲ | ਸੇਵਕ ਕੀ ਅਰਦਾਸਿ ਪਿਆਰੇ | ਸ. ਗਿਆਨ ਸਿੰਘ ਐਬਟਾਬਾਦ |
| ਮਾਰਚ | ਤਿਲੰਗ - ਚੰਚਲ | ਤਉ ਦਰਸਨ ਕੀ ਕਰਉ ਸਮਾਇ | ਸ. ਗਿਆਨ ਸਿੰਘ ਐਬਟਾਬਾਦ |
| | ਤਿਲੰਗ - ਤੀਨਤਾਲ | ਕੰਮਲੀਏ ਬਾਹਰੁ ਕਿਆ ਢੂਢੇਹਿ | ਸ. ਗਿਆਨ ਸਿੰਘ ਐਬਟਾਬਾਦ |
| ਅਪ੍ਰੈਲ | ਬਸੰਤ ਹਿੰਡੋਲ - ਤੀਨਤਾਲ | ਆਜ ਹਮਾਰੈ ਗ੍ਰਿਹ ਬਸੰਤ | ਭਾਈ ਕਸ਼ਮੀਰ ਸਿੰਘ |
| | ਬਸੰਤ ਹਿੰਡੋਲ - ਦਾਦਰਾ | ਮੇਰੇ ਸਾਹਿਬਾ ਹਉ ਆਪੇ | ਭਾਈ ਕਸ਼ਮੀਰ ਸਿੰਘ |
| ਮਈ | ਬਿਲਾਵਲ - ਰੂਪਕ | ਮੂਲਾਲਨ ਸਿਉ ਪ੍ਰੀਤਿ ਬਨੀ | ਹਰਿਭਜਨ ਸਿੰਘ |
| | ਦੀਪਚੰਦੀ | ਤਨੁ ਧਨੁ ਜੋਬਨੁ ਚਲਤ ਗਇਆ | ਹਰਿਭਜਨ ਸਿੰਘ |
| ਜੂਨ | ਸਿਰੀਰਾਗ - ਝਪਤਾਲ | ਜਿਸੁ ਪਿਆਰੇ ਸਿਉ ਨੇਹੁ | ਪ੍ਰੋ. ਕਰਤਾਰ ਸਿੰਘ |
| | ਸਿਰੀਰਾਗ - ਇਕਤਾਲ | ਜੋ ਸਿਰ ਸਾਂਈ ਨਾ ਨਿਵੈ | ਪ੍ਰੋ. ਕਰਤਾਰ ਸਿੰਘ |
| ਜੁਲਾਈ | ਬਿਲਾਵਲ - ਰੂਪਕ | ਤੇਰੇ ਗੁਣ ਗਾਵਾ ਦੇਹਿ ਬੁਝਾਈ | ਪ੍ਰੋ. ਹਰਮਿੰਦਰ ਕੌਰ |
| | ਬਿਲਾਵਲ - ਤੀਨਤਾਲ | ਮੈ ਨਾਂਹੀ ਪ੍ਰਭ ਸਭੁ ਕਿਛੁ ਤੇਰਾ | ਪ੍ਰੋ. ਹਰਮਿੰਦਰ ਕੌਰ |
| ਅਗਸਤ | ਮਲਾਰ - ਤੀਨਤਾਲ | ਬਾਬੀਹਾ ਅੰਮ੍ਰਿਤ ਵੇਲੈ ਬੋਲਿਆ | ਭਾਈ ਕਸ਼ਮੀਰ ਸਿੰਘ |
| | ਮਲਾਰ - ਰੂਪਕ | ਮੋਕਉ ਤੂੰ ਨ ਬਿਸਾਰਿ | ਭਾਈ ਕਸ਼ਮੀਰ ਸਿੰਘ |
| | ਮਲਾਰ - ਇਕਤਾਲ | ਘਨੁ ਗਰਜਤ ਗੋਬਿਦ ਰੂਪ | ਪ੍ਰੋ. ਹਰਮਿੰਦਰ ਕੌਰ |
| ਸਤੰਬਰ | ਭੈਰਵ - ਰੂਪਕ | ਦੀਨ ਦੁਨੀਆ ਤੇਰੀ ਟੇਕ | ਪ੍ਰੋ. ਹਰਮਿੰਦਰ ਕੌਰ |
| ਅਕਤੂਬਰ | ਦੇਵਗੰਧਾਰੀ - ਤੀਨਤਾਲ | ਮੇਰੇ ਸੁੰਦਰ ਕਹਹੁ ਮਿਲੈ ਕਿਤੁ ਗਲੀ | ਭਾਈ ਕਸ਼ਮੀਰ ਸਿੰਘ |
| | ਦੇਵਗੰਧਾਰੀ - ਇਕਤਾਲ | ਅਬ ਹਮ ਚਲੀ ਠਾਕੁਰ ਪਹਿ ਹਾਰਿ | ਭਾਈ ਕਸ਼ਮੀਰ ਸਿੰਘ |
| ਨਵੰਬਰ | ਜੈਤਸਰੀ - ਮੱਤਤਾਲ | ਹਰਿ ਜੂ ਰਾਖਿ ਲੇਹੁ ਪਤਿ ਮੇਰੀ | ਭਾਈ ਜਸਪਾਲ ਸਿੰਘ ਜਵੱਦੀ |
| ਦਸੰਬਰ | ਟੋਡੀ - ਤੀਨਤਾਲ | ਸਤਿਗੁਰ ਆਇਓ ਸਰਣਿ ਤੁਹਾਰੀ | ਜਯੋਤੀ ਕੌਰ |



Sri Satguru Jagjit Singh Ji Elibrary NamdhariElibrary@gmail.com

## To Remember Me.....

The day will come when my body will lie upon a white sheet neatly tinkled under four corners of a mattress located in a Hospital, busily occupied with the living and the dying. At a certain moments Doctor will determine that my brain has ceased to function and that for all intent and purposes, my life has stopped.

When that happens, donot attempt to instil life into my body by the use of a machine. And donot call that as my death bed. Let it be called the Bed of Life and let my body be taken from it help others lead further lives.

Give my sight to the man who has never seen the sunrise, a baby's face or love in the eyes of a woman. Give my heart to a person whose own heart has caused nothing but endless days of pain. Give my blood to a teenager who was pulled from the wreckage of his car, so that he might live to see his grandchildren play. Give my kidney to one who depends on machine to exist from week to week. Take my bones, every muscle, every fibre and nerve in my body and make a crippled child walk.

Explore every corner of my brain. Take my cells, if necessary and take them grow so that somebody speechless boy will shout at the creak of a bat and a deaf girl will hear the sound of rain against her window.

But that is left of me and scatter the ashes to the winds to help flowers grow.

If you must burry something, let it be my faults, and weaknesses and all prejudice against my fellow men.Give my sins to the devil. Give soul to God.

If by chance, you wish to remember me, do it with a kind deed or word to someone who needs you. If you do all I have asked, I will love you for ever.

*Bakhshish Singh:* # 211, Cheema Nagar Ext., Jalandhar

**PAGE SPONSORED BY : AHUJA FAMILY**
C-353, Defence Colony New Delhi 110 024



Sri Satguru Jagjit Singh Ji Elibrary NamdhariElibrary@gmail.com

# TRUSTED OE BRAND

## EPDM Rubber Profiles

## Steering & Suspension Items

EPDM RUBBER PROFILES



Unique Design
Better Accuracy
Convenient & Easy
Excellent Treatment
Consistent Result
Better Finish



*ALP, Constantly strive to develop and improve the process to optimize quality, reliability and cost.*

We are proud to be the **TRUSTED OE BRAND** of

HM · MITSUBISHI · TATA · DAEWOO · FORD · SUZUKI · FIAT · OPEL · bajaj · SWARAJ MAZDA · EICHER · PEUGEOT · DCM TOYOTA

## ANAND NISHIKAWA CO. LTD.

ALP

An ISO 9002 Co.

**Plot No. 119, Udyog Vihar, Phase - 1,**
**Gurgaon-122 016 (Haryana)**
**Tel. : 0124-5002945, 2946, 5003071 Fax 0124-5002942**

Sri Satguru Jagjit Singh Ji Elibrary NamdhariElibrary@gmail.com

**Postal Regd. No. PB/0042/2003 RNI Regd. No. 46788/89** **ISSN 0972-2335**




भविष्य सिर्फ ज्ञानियों की मोहताज नहीं है बल्कि उन लोगों की भी धरोहर है जो पहले से ही जान लेते हैं कि उनका बेहतर भविष्य बनाने के लिए उच्चतर शिक्षा किस किस्म की होनी चाहिए। लेकिन बेहतर उच्चतर शिक्षा पाने के लिए आखिरकार आपको पैसे की भी तो जरूरत पडती है।

क्यों न आप अपने पसंदीदा विषय में विशेषज्ञता हासिल कर अपने मुकाम तक पहुँचने के लिए विजया बैंक से शिक्षा ऋण लें।

याद रहे: कामयाबी की दुनिया आपके लिए अपनी बाहें फैलाए खडी है, चाहे उच्चतर शिक्षा भारत में पाएं या विदेश में।

विजया बैंक के शिक्षा ऋण

- भारत में अध्ययन के लिए 7.50 लाख रु. तक
- विदेश में अध्ययन के लिए 15 लाख रु. तक
- स्नातक पूर्व, स्नातक, स्नातकोत्तर, पेशेवर और अन्य पाठ्यक्रम
- पाठ्यक्रम पूरा होने अथवा नौकरी मिलने के बाद आसानी से ऋण चुकाया जा सकेगा

अधिक जानकारी के लिए, निकटतम शाखा से संपर्क करें:

**विजया बैंक**

(भारत सरकार का उपक्रम)

प्रधान कार्यालय: एम.जी.रोड, बेंगलूर 560 001

हमारा वेबसाइट देखें: www.vijayabank.com

*शर्तें लागू होंगी

Sri Satguru Jagjit Singh Ji Elibrary NamdhariElibrary@gmail.com